ਸ਼ਨੀਵਾਰ, 28 ਸਤੰਬਰ, 2024
13 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 118

# ਨਵਾਂ ਜ਼ਮਾਨਾ

DAILY NAWAN ZAMANA • SATURDAY, 28 SEPTEMBER, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# 28 ਸਤੰਬਰ ਦੀ ਨਵੀਂ ਲਾਲੀ



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਅੱਜ ਦੇਸ਼ ਭਰ ਵਿੱਚ ਅਤੇ ਖਾਸ ਕਰ ਸਮੁੱਚੇ ਪੰਜਾਬ ਵਿੱਚ 28 ਸਤੰਬਰ 1907 ਨੂੰ ਜਨਮੇ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਇਕ ਸੌ ਸਤਾਰਵਾਂ ਜਨਮ ਦਿਨ ਵੱਖ-ਵੱਖ ਜਥੇਬੰਦੀਆਂ ਵੱਲੋਂ ਵੱਖ-ਵੱਖ ਥਾਵਾਂ 'ਤੇ ਬੜੇ ਜੋਸ਼ ਨਾਲ ਮਨਾਇਆ ਜਾ ਰਿਹਾ ਹੈ। ਬਿਨਾਂ ਸ਼ੱਕ ਭਗਤ ਸਿੰਘ ਵੀਹਵੀਂ ਸਦੀ 'ਚ ਸਾਮਰਾਜ ਵਿਰੋਧੀ ਲਹਿਰ ਦਾ ਸਭ ਤੋਂ ਵੱਡਾ ਸ਼ਹੀਦ ਹੋ ਨਿਬੜਿਆ, ਜਿਸ ਨੇ ਆਪਣਾ ਗਿਆਨ ਦੇ ਸਦਕਾ ਅਤੇ ਹੋਰ ਸਾਹਸੀ-ਸਿਆਸੀ ਕਾਰਨਾਮਿਆਂ ਕਰਕੇ ਅਤੇ ਆਪਣੇ ਹੌਸਲੇ ਸਦਕਾ ਪਹਿਲਾਂ ਹੀ ਸ਼ਹੀਦ-ਏ-ਆਜ਼ਮ ਦਾ ਦਰਜਾ ਪ੍ਰਾਪਤ ਕਰ ਲਿਆ ਸੀ। ਕੋਈ ਮੰਨੇ ਜਾਂ ਨਾ ਮੰਨੇ, ਉਸ ਨੇ ਦੇਸ਼ ਭਗਤੀ ਦੇ ਕਾਰਨਾਮਿਆਂ ਕਰਕੇ ਮਹਾਤਮਾ ਗਾਂਧੀ ਦੇ ਬਰਾਬਰ ਦੀ ਹਰਮਨਪਿਆਰਤਾ ਪ੍ਰਾਪਤ ਕਰ ਲਈ ਸੀ, ਪਰ ਸਾਮਰਾਜੀ ਤਿੱਖੇ ਪ੍ਰਚਾਰ ਨੇ ਭਗਤ ਸਿੰਘ ਨੂੰ ਪਿਸਤੌਲ ਅਤੇ ਬੰਬ ਨਾਲ ਜੋੜ ਦਿੱਤਾ, ਜੋ ਸੱਚ ਨਹੀਂ ਹੈ।

ਆਪਣੀ ਸਾਰੀ ਜ਼ਿੰਦਗੀ ਪਿਸਤੌਲ 'ਚੋਂ ਇਕ ਗੋਲੀ ਕੱਢਣ ਵਾਲਾ ਅਤੇ ਪਟਾਕਾ ਰੂਪੀ ਅਸੰਬਲੀ ਬੰਬ ਸੁੱਟਣ ਵਾਲਾ ਕਦੇ ਵੀ ਅਜਿਹੀਆਂ ਕਾਰਵਾਈਆਂ 'ਚ ਯਕੀਨ ਨਹੀਂ ਸੀ ਰੱਖਦਾ। ਬੰਬਾਂ ਅਤੇ ਪਿਸਤੌਲਾਂ ਨੂੰ ਉਨ੍ਹਾ ਕਦੇ ਵੀ ਇਨਕਲਾਬ ਲਈ ਜ਼ਰੂਰੀ ਨਹੀਂ ਦੱਸਿਆ। ਭਗਤ ਸਿੰਘ ਆਪ ਅਜਿਹੇ ਖਿਆਲਾਂ ਦੇ ਸਨ ਕਿ ਕਿਸੇ ਆਦਮੀ ਦੇ ਸਰੀਰ ਨੂੰ ਖ਼ਤਮ ਕਰਨ ਨਾਲ ਉਸ ਦੇ ਖਿਆਲ ਅਤੇ ਵਿਚਾਰਧਾਰਾ ਖ਼ਤਮ ਨਹੀਂ ਕੀਤੀ ਜਾ ਸਕਦੀ, ਜਿਸ ਦੀ ਗਵਾਹ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਵੀ ਹਾਕਮ ਉਸ ਦੀ ਵਿਚਾਰਧਾਰਾ ਨੂੰ ਮਾਰ ਨਹੀਂ ਸਕੇ।

ਭਗਤ ਸਿੰਘ ਦੇ ਸਮੁੱਚੇ ਜੀਵਨ ਨੂੰ ਨੇੜਿਓਂ ਤੱਕਣ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਉਹ ਬਚਪਨ ਤੋਂ ਹੀ ਆਮ ਬੱਚਿਆਂ ਵਰਗਾ ਸ਼ਰਾਰਤੀ ਬੱਚਾ ਸੀ। ਉਸ 'ਤੇ ਵੀ ਆਲੇ-ਦੁਆਲੇ ਦਾ ਅਸਰ ਸੀ, ਪਰ ਦੇਸ਼ ਭਗਤੀ ਵਿੱਚ ਰੰਗੇ ਪਰਵਾਰ ਵਿੱਚੋਂ ਹੋਣ ਕਰਕੇ ਉਹ ਹਰ ਗਤੀਵਿਧੀ ਨੂੰ ਵਾਚਦਾ ਰਹਿੰਦਾ ਸੀ, ਜਿਸ ਕਰਕੇ ਬਾਹਰੋਂ ਸ਼ਰਾਰਤੀ ਸੁਭਾਅ ਦਾ ਹੋਣ ਕਰਕੇ ਅੰਦਰੋ-ਅੰਦਰੀ ਗੰਭੀਰ ਹੁੰਦਾ ਗਿਆ। ਇਹ ਗੰਭੀਰਤਾ ਉਸ ਨੂੰ ਕਿਤਾਬਾਂ ਦੇ ਗਿਆਨ ਨੇ ਦਿੱਤੀ। ਭਗਤ ਸਿੰਘ ਬਾਰੇ ਗੰਭੀਰਤਾ ਨਾਲ ਅਧਿਐਨ ਕਰਨ ਵਾਲਿਆਂ ਨੇ ਜਾਣਿਆ ਕਿ ਭਗਤ ਸਿੰਘ ਨੇ ਆਪਣੇ ਸਕੂਲੀ ਜੀਵਨ ਵੇਲੇ ਲੱਗਭੱਗ ਪੰਜਾਹ (50) ਕਿਤਾਬਾਂ, ਕਾਲਜ 'ਚ ਪੜ੍ਹਨ ਸਮੇਂ ਲੱਗਭੱਗ ਦੋ ਸੌ (200) ਕਿਤਾਬਾਂ ਅਤੇ ਜੇਲ੍ਹ ਯਾਤਰਾ ਦੌਰਾਨ ਲੱਗਭੱਗ ਤਿੰਨ ਸੌ (300) ਕਿਤਾਬਾਂ ਪੜ੍ਹੀਆਂ, ਜੋ ਇੱਕ ਮਿਸਾਲ ਹੈ। ਇਸ ਤੋਂ ਇਲਾਵਾ ਉਸ ਨੇ ਦੁਨੀਆ ਭਰ ਦੇ ਸਾਹਿਤ ਦਾ ਵੀ ਅਧਿਐਨ ਬੜੀ ਸ਼ਿੱਦਤ ਨਾਲ ਕੀਤਾ। ਇਸ ਤੋਂ ਇਲਾਵਾ ਅਗਰ ਉਸ ਦੇ ਹੋਰ ਸ਼ੌਕਾਂ ਵੱਲ ਧਿਆਨ ਮਾਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਉਹ ਨਾਟਕ ਦੇਖਣ ਅਤੇ ਨਾਟਕਾਂ ਵਿੱਚ ਰੋਲ ਕਰਨ ਦਾ ਬੜਾ ਸ਼ੌਕੀਨ ਸੀ। ਉਹ ਅਜਿਹਾ ਨੌਜਵਾਨ ਸੀ, ਜਿਹੜਾ ਆਪਣੇ ਸ਼ੌਕਾਂ ਨੂੰ ਪੂਰਾ ਕਰਨ ਲਈ ਅਨੁਸ਼ਾਸਨ ਨੂੰ ਵੀ ਤੋੜ ਦਿੰਦਾ ਸੀ।

ਪਹਿਲੀ ਉਮਰੇ ਭਾਵੇਂ ਕਿਸੇ ਧਾਰਮਿਕ ਅਸਰ ਥੱਲੇ ਰਿਹਾ ਹੋਵੇ, ਪਰ ਜਿਉਂ-ਜਿਉਂ ਗਿਆਨ ਪ੍ਰਾਪਤ ਹੁੰਦਾ ਰਿਹਾ ਅਤੇ ਕਰਦਾ ਰਿਹਾ, ਅਖੀਰ ਅਜਿਹੇ ਗਿਆਨ ਕਰਕੇ ਉਹ ਨਾਸਤਿਕ ਬਣਿਆ। ਹਰ ਗੱਲ, ਗਿਆਨ, ਵਿਚਾਰ ਨੂੰ ਗ੍ਰਹਿਣ ਕਰਨ ਲੱਗਿਆ। ਉਸ ਨੇ ਤਰਕ ਦਾ ਸਹਾਰਾ ਲਿਆ। ਪ੍ਰੱਪਕ ਹੋਣ ਤੋਂ ਬਾਅਦ ਉਸ ਨੇ ਨਾਸਤਿਕਤਾ ਉਪਰ ਇਕ ਕਿਤਾਬ ਵੀ ਦਲੀਲ ਪੂਰਨ ਲਿਖੀ ਕਿ 'ਮੈਂ ਨਾਸਤਿਕਤਾ ਕਿਉਂ ਹਾਂ?' ਪਰ ਇਹ ਉਸ ਦਾ ਵਡੱਪਣ ਹੈ ਕਿ ਉਸ ਨੇ ਨਾਸਤਿਕਤਾ ਕਿਸੇ 'ਤੇ ਠੋਸੀ ਨਹੀਂ। ਜ਼ਰਾ ਧਿਆਨ ਦਿਓ, ਫਾਂਸੀ ਦਾ ਰੱਸਾ ਚੁੰਮਣ ਸਮੇਂ ਕਿੰਨੇ ਆਚੰਭੇ ਵਾਲੀ ਗੱਲ ਹੈ ਕਿ ਉਸ ਵੇਲੇ ਭਗਤ ਸਿੰਘ ਦੇ ਖੱਬੇ-ਸੱਜੇ ਆਸਤਿਕ ਸਨ, ਜੋ ਨਿਤਨੇਮ ਆਪੋ-ਆਪਣੇ ਧਰਮ ਮੁਤਾਬਕ ਕਰਦੇ ਸਨ, ਪਰ ਆਪਣਾ ਲੀਡਰ ਇਕ ਨਾਸਤਿਕ ਨੂੰ ਮੰਨਦੇ ਸਨ।

ਭਗਤ ਸਿੰਘ ਦੇ ਜੀਵਨ 'ਤੇ ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਦੇ ਅਸਰ ਤੋਂ ਇਲਾਵਾ ਮਹਾਨ ਇਨਕਲਾਬੀ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬਹੁਤ ਵੱਡਾ ਅਸਰ ਸੀ, ਜਿਸ ਕਰਕੇ ਉਹ ਸਰਾਭਾ ਜੀ ਦੀ ਫੋਟੋ ਹਰ ਸਮੇਂ ਆਪਣੀ ਜੇਬ ਰੱਖਦਾ ਸੀ।

ਸਾਈਮਨ ਕਮਿਸ਼ਨ ਭਾਰਤ ਆਉਣ 'ਤੇ ਹੀ ਉਸ ਦੇ ਵਿਰੋਧ ਕਾਰਨ ਲਾਲਾ ਲਾਜਪਤ ਰਾਏ ਜੀ ਸਾਂਡਰਸ ਦੇ ਡੰਡੇ ਦੇ ਵਾਰ ਕਰਨ 'ਤੇ ਜ਼ਖ਼ਮੀ ਹੋਏ ਸਨ, ਜਿਸ ਕਾਰਨ ਬਾਅਦ ਵਿੱਚ ਇਨ੍ਹਾਂ ਸੱਟਾਂ ਕਰਨ ਚੱਲ ਵਸੇ। ਬਦਲਾ ਲੈਣ ਲਈ ਭਗਤ ਸਿੰਘ ਨੇ ਸਿਰਫ਼ ਗੋਲੀ ਮਾਰਨ ਲਈ ਅਜਿਹਾ ਕੀਤਾ। ਦੂਜੀ ਘਟਨਾ ਭਗਤ ਸਿੰਘ ਤੇ ਦੱਤ ਨੇ ਭਰੀ ਅਸੰਬਲੀ ਵਿੱਚ ਬੰਬ ਸੁੱਟਣ ਦੀ ਕੀਤੀ। ਜਿਹੜਾ ਕਿਸੇ ਨੂੰ ਜਾਨੋਂ ਮਾਰਨ ਵਾਸਤੇ ਨਹੀਂ, ਬਲਕਿ ਬੋਲੀ ਸਰਕਾਰ ਤੱਕ ਆਪਣੀ ਅਵਾਜ਼ ਪਹੁੰਚਾਉਣ ਲਈ ਸੀ, ਜਿਸ ਵਿੱਚ ਉਨ੍ਹਾਂ ਨੂੰ ਸਫ਼ਲਤਾ ਮਿਲੀ। ਦੌੜ-ਭੱਜ 'ਚ ਕਈਆਂ ਦੇ ਮਾਮੂਲੀ ਸੱਟਾਂ ਲੱਗੀਆਂ ਤੇ ਕੁਝ ਫਰਨੀਚਰ ਦਾ ਨੁਕਸਾਨ ਹੋਇਆ। ਬੰਬ ਫਟਣ ਤੋਂ ਬਾਅਦ ਭਗਤ ਸਿੰਘ ਨੇ ਆਪਣੇ ਨਾਲ ਲਿਆਂਦਾ ਸਵੈ-ਚਾਲਿਤ ਪਿਸਤੌਲ ਕੱਢਿਆ ਅਤੇ ਸਿਰਫ਼ ਦੋ ਫਾਇਰ ਕੀਤੇ। ਇਸ ਦੌਰਾਨ ਬਟੁਕੇਸ਼ਵਰ ਦੱਤ ਨੇ ਆਪਣੇ ਪਾਸ ਲਿਆਂਦੇ ਪਰਚੇ, ਜੋ ਉਸ ਸਮੇਂ ਦੀ ਸਰਕਾਰ ਵਿਰੁੱਧ ਸਨ, ਅਸੰਬਲੀ 'ਚ ਖਿਲਾਰਨੇ ਸ਼ੁਰੂ ਕਰ ਦਿੱਤੇ। ਇਸ ਘਟਨਾ ਤੋਂ ਕਾਫ਼ੀ ਦਿਨ ਵਾਅਦ ਲਾਰਡ ਇਰਵਨ ਨੂੰ ਪਤਾ ਲੱਗਾ ਜਾਂ ਸਮਝ ਆਈ ਕਿ ਇਹ ਹਮਲਾ ਕਿਸੇ ਵਿਅਕਤੀ (ਵਿਸ਼ੇਸ਼) ਉਪਰ ਨਹੀਂ ਸੀ, ਸਗੋਂ ਜ਼ਾਲਮ ਬਰਤਾਨਵੀ ਸੰਵਿਧਾਨ ਉਪਰ ਸੀ। ਉਸ ਸਮੇਂ ਦੀ ਸਰਕਾਰ ਨੂੰ ਇਹ ਮੁੱਠੀ-ਭਰ ਅਤੰਕੀਆਂ ਦੀ ਕਾਰਵਾਈ ਹੀ ਲੱਗੀ ਸੀ। ਬੰਬ ਸੁੱਟਣ ਤੋਂ ਬਾਅਦ ਦੋਹਾਂ ਨੌਜਵਾਨਾਂ ਦਾ ਉਥੇ ਹੀ ਖੜਾ ਰਹਿਣਾ, ਜਿਥੇ ਉਨ੍ਹਾਂ ਦੇ ਹੌਸਲੇ ਦੀ ਕਰਾਮਾਤ ਸੀ, ਉਥੇ ਹੀ ਚੰਦਰ ਸ਼ੇਖਰ, ਜੋ ਉਸ ਵੇਲੇ ਦੇ ਇਚਾਰਜ ਸਨ, ਕਾਫ਼ੀ ਦੁਖੀ ਸਨ। ਕਾਰਨ, ਦੌੜ ਕੇ ਬਚ ਜਾਂਦੇ, ਜਥੇਬੰਦੀ ਦਾ ਕੋਈ ਹੋਰ ਅਹਿਮ ਕੰਮ-ਕਾਰ ਸਾਂਭਦੇ, ਪਰ ਭਗਤ ਸਿੰਘ ਤੇ ਦੱਤ ਅਜਿਹਾ ਕਰਨਾ ਸੀ ਚਾਹੁੰਦੇ ਸਨ ਕਿ ਸਾਡੀ ਜਗ੍ਹਾ ਕੋਈ ਹੋਰ ਬੇਕਸੂਰ ਕਾਬੂ ਨਾ ਆਵੇ। ਉੱਥੇ ਖੜੇ ਰਹਿਣ ਦਾ ਪਛਤਾਵਾ ਚੰਦਰ ਸ਼ੇਖਰ ਨੂੰ ਅੰਤ ਤੱਕ ਰਿਹਾ, ਪਰ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਆਪਣੇ ਮੁਕੱਦਮੇ ਦੌਰਾਨ ਵੀ ਇਹ ਕਿਹਾ ਸੀ ਕਿ ਅਸੀਂ ਅਜਿਹਾ ਫੋਕਾ ਬੰਬ ਸੁੱਟ ਕੇ ਇਕ ਕਾਲਪਨਿਕ ਅਹਿੰਸਾ ਦੀ ਸਮਾਪਤੀ ਕਰ ਦਿੱਤੀ ਹੈ। ਉਨ੍ਹਾਂ ਜ਼ੋਰ ਦੇ ਕੇ ਆਪਣੇ ਬਿਆਨਾਂ ਵਿੱਚ ਕਿਹਾ ਸੀ, 'ਜਿਥੇ ਗੁਲਾਮੀ ਤੇ ਗਰੀਬੀ ਮੌਜੂਦ ਰਹੇਗੀ, ਉਥੇ ਹੀ ਕੁਝ ਜੋਸ਼ੀਲੇ ਉਠਦੇ ਰਹਿਣਗੇ।'

ਜੇਲ੍ਹ ਵਿਚ ਰਹਿੰਦਿਆਂ ਉਨ੍ਹਾ ਇੱਕ ਪੱਤਰ, ਜਿਹੜਾ ਸਮੇਂ ਨਾਲ ਆਖਰੀ ਹੋ ਨਿਬੜਿਆ, ਪੰਜਾਬ ਦੇ ਉਸ ਵੇਲੇ ਦੇ ਗਵਰਨਰ ਨੂੰ ਲਿਖਿਆ ਸੀ, ਜਿਸ ਵਿੱਚ ਉਨ੍ਹਾ ਜ਼ੋਰ ਦੇ ਕੇ ਆਖਿਆ ਸੀ ਕਿ ਜਿਹੜਾ ਯੁੱਧ ਇਸ ਵਕਤ ਚੱਲ ਰਿਹਾ ਹੈ, ਇਹ ਉਦੋਂ ਤੱਕ ਚਲਦਾ ਰਹੇਗਾ, ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਲੋਕਾਂ ਦੀ ਲੁੱਟ ਜਾਰੀ ਰੱਖਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਹੋਣ ਜਾਂ ਫਿਰ ਦੋਵੇਂ ਹੋਣ। ਭਗਤ ਸਿੰਘ ਹੁਰਾਂ ਫਾਂਸੀ ਦਾ ਰੱਸਾ ਚੁੰਮਣ ਤੱਕ ਸਿਰਫ਼ ਗੋਲੀ ਅਤੇ ਬੰਬ ਵਾਲਾ ਕਾਰਾ ਕੀਤਾ ਸੀ, ਬਾਅਦ 'ਚ ਕਦੇ ਨਹੀਂ। ਸਗੋਂ ਉਹ ਤਾਂ ਆਖਿਆ ਕਰਦੇ ਸਨ ਕਿ ਗੋਲੀ ਅਤੇ ਬੰਬ ਦਾ ਮਨੋਰਥ ਪੂਰਾ ਹੋ ਚੁੱਕਾ ਹੈ, ਕਿਉਂਕਿ ਉਨ੍ਹਾ ਮੁਤਾਬਕ ਇਨਕਲਾਬ ਬੰਬ ਅਤੇ ਪਿਸਤੌਲ ਦੀ ਸੰਸਕ੍ਰਿਤੀ ਨਹੀਂ।

ਭਗਤ ਸਿੰਘ ਦਾ ਪੂਰਾ ਜੀਵਨ ਅਜਿਹਾ ਸੀ, ਜਿਹੜਾ ਹਰ ਸਮੇਂ, ਹਰ ਵਕਤ ਪਹਿਲਾਂ ਨਾਲੋਂ ਸੋਚ ਵਿੱਚ ਵੱਧ ਨਿਖਰਦਾ ਰਿਹਾ। ਉਸ ਨੇ ਪੱਗ ਬੰਨ੍ਹਣ ਅਤੇ ਵਾਲ ਕਟਾਉਣ ਤੋਂ ਬਾਅਦ ਆਪਣੇ ਪ੍ਰੱਪਕ ਖਿਆਲਾਂ ਵਿੱਚ ਕੋਈ ਫ਼ਰਕ ਨਹੀਂ ਆਉਣ ਦਿੱਤਾ। ਇਹ ਦੇਸ਼ ਦੇ ਵੱਖ-ਵੱਖ ਜਾਤਾਂ ਦੇ ਲੋਕ ਹੀ ਫਿਰਕੂ ਹਨ, ਜਿਹੜੇ ਪੱਗ ਵਿੱਚ ਦੇਖਣਾ ਚਾਹੁੰਦੇ ਹਨ ਜਾਂ ਹੈਟ ਵਿੱਚ ਦੇਖਣਾ ਪਸੰਦ ਕਰਦੇ ਹਨ। ਲੋਕਾਂ ਅਤੇ ਖਾਸ ਕਰ ਨੌਜਵਾਨੀ ਵਿੱਚ ਵਿਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਲੋਕ ਭਗਤ ਸਿੰਘ ਨੂੰ ਚਾਹੁੰਦੇ ਵੀ ਬਹੁਤ ਹਨ, ਪਿਆਰ ਵੀ ਬਹੁਤ ਕਰਦੇ ਹਨ, ਪਰ ਉਨ੍ਹਾ ਦੇ ਸਿਧਾਂਤਾਂ 'ਤੇ ਚਲਣ ਲਈ ਵਿਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਤਿਆਰ ਨਹੀਂ ਹਨ। ਭਾਰਤ ਵਾਸੀਆਂ ਨੂੰ ਅਜਿਹੀ ਆਸ ਕਿਸੇ ਵੇਲੇ ਖੱਬੇ-ਪੱਖੀਆਂ ਤੋਂ ਸੀ, ਜਿਹੜੇ ਹੌਲੀ-ਹੌਲੀ ਵਿਦਿਆ ਅਤੇ ਡਿਸਿਪਲਨ ਦੀ ਘਾਟ ਕਰਕੇ ਪਾਰਟੀਆਂ ਖ਼ਤਮ ਕਰਕੇ ਅੱਜ ਗਰੁੱਪਾਂ ਵਿੱਚ ਵੰਡੇ ਪਏ ਹਨ। ਖੱਬੀ ਸੋਚ ਦਿਨੋ-ਦਿਨੀ ਖੁੰਜੇ ਲੱਗਦੀ ਜਾ ਰਹੀ ਹੈ। ਗਰੁੱਪਾਂ ਦੇ ਲੀਡਰ ਸਵੇਰੇ ਉਠ ਕੇ ਸਿਰਫ਼ ਆਪਣੀ ਕੁਰਸੀ ਵੱਲ ਹੀ ਝਾਤ ਮਾਰਦੇ ਹਨ। ਅਸੀਂ ਅੱਜ ਮਹਾਨ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਦੇਖਾਂਗੇ ਕਿ ਕਿਵੇਂ ਵੱਖ-ਵੱਖ ਇਕੱਠੇ ਹੋਣ ਦੀ ਬਜਾਏ ਅੱਡ-ਅੱਡ ਛੋਟੇ-ਵੱਡੇ ਇਕੱਠ ਕਰਕੇ ਆਪੋ-ਆਪਣੀ ਪਿੱਠ ਥਪਥਪਾਉਣਗੇ। ਸਰਕਾਰ ਵੀ ਆਪਣੇ ਅਦਾਰਿਆਂ 'ਚ ਅਜਿਹਾ ਹੀ ਡਰਾਮਾ ਕਰੇਗੀ। ਪੰਜਾਬ ਦੀ ਮੌਜੂਦਾ ਸਰਕਾਰ ਵੀ ਇਕ ਫੋਟੋ ਭਾਰਤੀ ਸੰਵਿਧਾਨ ਘਾੜੇ ਦੀ ਅਤੇ ਦੂਜੀ ਭਗਤ ਸਿੰਘ ਦੀ ਛਤਰ-ਛਾਇਆ ਹੇਠ ਆਪਣੇ ਸਾਰੇ ਫੰਕਸ਼ਨ ਕਰਦੀ ਅਤੇ ਕਰਦੀ ਰਹੇਗੀ। ਜਿਨ੍ਹਾਂ 'ਤੇ ਵੀ ਦੋਸ਼ ਲੱਗ ਚੁੱਕੇ ਹਨ, ਅੱਗੋਂ ਵੀ ਲੱਗਦੇ ਰਹਿਣਗੇ। ਉਂਜ ਅੱਜ ਸਮੁੱਚੇ ਭਾਰਤ ਦੇ ਲੋਕ ਸ਼ਹੀਦ ਭਗਤ ਸਿੰਘ ਨੂੰ ਪਿਆਰ ਕਰਦੇ ਹਨ, ਪਰ ਅੰਦਰੋ-ਅੰਦਰੀ ਡਰਦੇ ਵੀ ਹਨ ਕਿ ਕਿਤੇ ਭਗਤ ਸਿੰਘ ਸਾਡੇ ਘਰ ਹੀ ਨਾ ਜੰਮ ਪਵੇ। ਇਹ ਸਭ ਡਰ ਵਿਦਿਆ ਅਤੇ ਤਰਕਸ਼ੀਲਤਾ ਦੀ ਘਾਟ ਕਰਕੇ ਹੈ। ਇਸ ਲਈ ਖੱਬੀ ਸੋਚ ਹੀ ਅਜਿਹੇ ਡਰ ਨੂੰ ਦੂਰ ਕਰ ਸਕਦੀ ਹੈ। ਆਉਣ ਵਾਲੇ ਸਮੇਂ ਵਿੱਚ ਕੋਈ ਕੌਤਕ ਹੀ ਖਿਲਰੀ ਸੋਚ ਨੂੰ ਇਕੱਠਾ ਕਰ ਸਕਦਾ ਹੈ। ਤਦ ਤਕ ਮਹਾਨ ਸ਼ਹੀਦ ਦਾ ਜਨਮ ਮਨਾਉਣ ਵਾਲੇ ਵੱਖ-ਵੱਖ ਗਰੁੱਪਾਂ ਨੂੰ ਬਹੁਤ-ਬਹੁਤ ਵਧਾਈਆਂ ਹੋਣ। ਵੱਖ-ਵੱਖ ਗਰੁੱਪਾਂ ਨੂੰ ਅੱਗੇ ਤੋਂ ਇਕੱਠੇ ਹੋ ਕੇ ਜਨਮ ਦਿਨ ਮਨਾਉਣ ਦਾ ਪ੍ਰਣ ਲੈਣਾ ਚਾਹੀਦਾ ਹੈ। ਫਿਰ ਹੀ ਸਹੀ ਅਰਥਾਂ ਵਿੱਚ ਇਹ ਆਖਿਆ ਜਾ ਸਕੇਗਾ।' 'ਭਗਤ ਸਿੰਘ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ।'

ਸੰਪਰਕ : 98721-65741

## ਮੈਂ ਭਗਤ ਸਿੰਘ

ਹਾਂ, ਮੈਂ ਭਗਤ ਸਿੰਘ ਹਾਂ।

ਅਜੀਤ ਸਿੰਘ ਹੈ ਮੇਰਾ ਚਾਚਾ,
ਕਿਸ਼ਨ ਸਿੰਘ ਹੈ ਮੇਰਾ ਪਿਤਾ,
ਵਿੱਦਿਆਵਤੀ ਦੀ ਕੁੱਖ ਦਾ ਜਾਇਆ,
ਪਰ 'ਭਾਰਤ' ਹੈ ਮੇਰੀ ਮਾਂ।

ਹਾਂ, ਮੈਂ ਭਗਤ ਸਿੰਘ ਹਾਂ।

ਵੀਰ 'ਸਰਾਭੇ' ਤੋਂ ਲੈ ਕੇ ਸਿੱਖਿਆ,
ਲੈਣੀ ਅਜ਼ਾਦੀ ਇਹ ਟੀਚਾ ਮਿੱਥਿਆ,
ਵਤਨਪ੍ਰਸਤੀ ਹੈ ਮੇਰਾ ਪੇਸ਼ਾ,
ਹੋਰ ਕੋਈ ਨਾ ਮੈਂ ਕੰਮ ਕਰਾਂ।

ਹਾਂ, ਮੈਂ ਭਗਤ ਸਿੰਘ ਹਾਂ।

ਚੁਣ-ਚੁਣ ਕੇ ਵੈਰੀ ਨੂੰ ਫੂਕਾਂ,
ਖੇਤਾਂ ਦੇ ਵਿੱਚ ਬੀਜ ਬੰਦੂਕਾਂ,
ਖਾਨਦਾਨ ਦਾ ਨਾਂਮ ਰੁਸ਼ਨਾਇਆ,
'ਭਾਗਾਂ ਵਾਲ਼ਾ' ਆਖਣ ਤਾਂ।

ਹਾਂ, ਮੈਂ ਭਗਤ ਸਿੰਘ ਹਾਂ।

ਲਾਲਾ ਜੀ ਦੀ ਮੌਤ ਦੀ ਘਟਨਾ,
ਬਦਲਾ ਲੈਣਾ ਪਿੱਛੇ ਨ੍ਹੀਂ ਹਟਣਾ,
ਗੋਰਾ ਸੁੱਕਾ ਜਾਣ ਨ੍ਹੀਂ ਦੇਣਾ,
ਭਾਵੇਂ ਮੈਂ ਰਹਾਂ ਨਾ ਰਹਾਂ।

ਹਾਂ, ਮੈਂ ਭਗਤ ਸਿੰਘ ਹਾਂ।

ਗੋਰੀ ਚਮੜੀ ਜ਼ਾਲਮ ਲੱਗੇ,
ਫਰੰਗੀ ਹਕੂਮਤ ਬੋਲ਼ੀ ਅੱਗੇ,
ਸੰਸਦ ਦੇ ਵਿੱਚ ਬੰਬ ਚਲਾ,
ਖੜ੍ਹਾ ਵੰਗਾਰਾਂ ਮੈਂ ਉਸੇ ਤਰ੍ਹਾਂ।

ਹਾਂ, ਮੈਂ ਭਗਤ ਸਿੰਘ ਹਾਂ।

ਫਾਂਸੀ ਚੁੰਮ ਕੇ ਗਲ਼ ਵਿੱਚ ਪਾਈ,
ਇੰਝ ਮੈਂ 'ਲਾੜੀ' ਮੌਤ ਵਿਆਹੀ,
ਕੁਰਬਾਨੀ ਦੀ ਸ਼ਮ੍ਹਾ ਜਗਾ ਕੇ,
ਰੋਸ਼ਨ ਕਰਨੀ ਹਰ ਦਿਲ 'ਚ ਥਾਂ।

ਹਾਂ, ਮੈਂ ਭਗਤ ਸਿੰਘ ਹਾਂ।

-ਸੁਰਜੀਤ ਸਿੰਘ
ਸੰਪਰਕ : 98159-75111

# ਬ੍ਰਿਟਿਸ਼ ਸਾਮਰਾਜ ਦੀਆਂ ਜੜ੍ਹਾਂ ਪੁੱਟਣ ਵਾਲਾ ਮਹਾਨ ਕ੍ਰਾਂਤੀਕਾਰੀ

ਦਰਸ਼ਨ ਸਿੰਘ ਪ੍ਰੀਤੀਮਾਨ

ਦੇਸ਼ ਦੀ ਆਜ਼ਾਦੀ ਵਿੱਚ ਹਿੱਸਾ ਪਾਉਣ ਵਾਲੇ ਸੂਰਮੇ ਕਿਸ਼ਨ ਸਿੰਘ, ਅਜੀਤ ਸਿੰਘ, ਸਰਬਨ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਸੁਭਾਸ ਚੰਦਰ ਬੋਸ, ਚੰਦਰ ਸੇਖ਼ਰ ਆਜ਼ਾਦ, ਸ੍ਰੀ ਮਤੀ ਬਸੰਤੀ ਦੇਵੀ, ਪੰਡਤ ਰਾਮ ਪ੍ਰਸ਼ਾਦ ਬਿਸਮਿਲਾ, ਬਟੁਕੇਸ਼ਵਰ ਦੱਤ, ਕਿਸ਼ੋਰ ਲਾਲ, ਜੈ ਗੁਪਾਲ, ਜਤਿੰਦਰ ਨਾਥ ਦਾਸ (ਜਤਿਨ ਦਾਸ) ਭਗਵਤੀ ਚਰਨ ਵੋਹਰਾ, ਦੁਰਗਾ ਦੇਵੀ ਵੋਹਰਾ (ਦੁਰਗਾ ਭਾਬੀ), ਸ਼ਿਵ ਵਰਮਾ, ਵਿਜੈ ਕੁਮਾਰ ਸਿਨਹਾ, ਅਜੇ ਕੁਮਾਰ ਘੋਸ਼, ਜੈ ਦੇਵ ਕਪੂਰ, ਪ੍ਰੇਮ ਦੱਤ ਵਰਮਾ, ਐੱਸ ਐੱਨ ਪਾਂਡੇ, ਸੋਹਣ ਸਿੰਘ ਭਕਨਾ ਆਦਿ। ਇਨ੍ਹਾਂ ਸੂਰਬੀਰਾਂ ਵਿੱਚੋਂ ਇੱਕ ਸੂਰਮਾ ਨਿਖਰ ਕੇ ਸਾਹਮਣੇ ਆਇਆ, ਜਿਸ ਨੇ ਬ੍ਰਿਟਿਸ਼ ਸਰਕਾਰ ਦੇ ਨੱਕ ਵਿੱਚ ਦਮ ਕਰ ਦਿੱਤਾ, ਉਹ ਨਾਂਅ ਹੈ ਸਰਦਾਰ ਭਗਤ ਸਿੰਘ।

ਭਗਤ ਸਿੰਘ ਦਾ ਜਨਮ 28 ਸਤੰਬਰ, 1907 ਈ: ਵਿੱਚ ਅਣਵੰਡੇ ਭਾਰਤ ਦੇ ਸੂਬਾ ਪੰਜਾਬ ਵਿੱਚ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਦੇ ਪਿੰਡ ਬੰਗਾ (ਚੱਕ ਨੰ: 105) ਵਿਖੇ ਮਾਤਾ ਵਿਦਿਆਵਤੀ ਦੇ ਪੇਟੋਂ, ਪਿਤਾ ਕਿਸ਼ਨ ਸਿੰਘ ਦੇ ਘਰ, ਦਾਦਾ ਅਰਜਨ ਸਿੰਘ ਦੇ ਖੇੜੇ ਹੋਇਆ। ਭਗਤ ਸਿੰਘ ਸੱਤ ਭੈਣ-ਭਰਾਵਾਂ ਵਿੱਚੋਂ ਦੂਜੇ ਨੰਬਰ 'ਤੇ ਸੀ। ਉਨ੍ਹਾਂ ਦਾ ਪਿੱਛਲਾ ਜੱਦੀ ਪਿੰਡ ਖਟਕੜ ਕਲਾਂ, ਤਹਿਸੀਲ ਬੰਗਾ, ਨਵਾਂ ਸ਼ਹਿਰ, ਅੱਜ-ਕੱਲ੍ਹ ਜ਼ਿਲ੍ਹਾ ਭਗਤ ਸਿੰਘ ਨਗਰ ਹੈ। ਇਹ ਖਟਕੜ ਕਲਾਂ ਬੰਗਾ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਤੇ ਅਤੇ ਨਵਾਂ ਸ਼ਹਿਰ ਤੋਂ ਫਗਵਾੜਾ ਹਾਈਵੇ 'ਤੇ 11 ਕਿਲੋਮੀਟਰ 'ਤੇ ਘੁੱਗ ਵਸਦਾ ਹੈ। ਇਹ ਪਿੰਡ 825 ਏਕੜ 'ਚ ਫੈਲਿਆ ਹੋਇਆ ਸਦੀਆਂ ਪੁਰਾਣਾ ਹੈ। ਪਹਿਲਾ ਇਸ ਦਾ ਨਾਂਅ ਖੱਟ-ਗੜ੍ਹ ਸੀ ਤੇ ਸਮਾਂ ਬੀਤਣ 'ਤੇ ਇਸ ਦਾ ਨਾਂਅ ਖਟਕੜ ਕਲਾਂ ਪੈ ਗਿਆ। ਇਸ ਪਿੰਡ ਨੂੰ ਵਸਾਉਣ ਵਿੱਚ ਭਗਤ ਸਿੰਘ ਦੇ ਪੁਰਖਿਆਂ ਦਾ ਵੀ ਯੋਗਦਾਨ ਰਿਹਾ। ਇੱਥੇ ਭਗਤ ਸਿੰਘ ਦੇ ਘਰ ਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਜਾਇਬਘਰ ਵਜੋਂ ਜਾਣਿਆ ਜਾਂਦਾ ਹੈ। ਇਹ ਘਰ (ਮਕਾਨ) ਦੇਸ਼ ਭਗਤ ਪਰਵਾਰ ਦੀਆਂ ਨਿੱਘੀਆਂ ਪਿਆਰੀਆਂ-ਪਿਆਰੀਆਂ ਯਾਦਾਂ ਨੂੰ ਸੰਭਾਲੀ ਬੈਠਾ ਹੈ। ਭਗਤ ਸਿੰਘ ਦਾ ਪਰਵਾਰ ਆਰੀਆ ਸਮਾਜ ਦੇ ਵਿਚਾਰਾਂ ਤੋਂ ਪ੍ਰਭਾਵਤ ਸੀ ਇਹ ਦੇਸ਼ ਭਗਤਾਂ ਦਾ ਪਰਵਾਰ ਸੀ। ਜਦ ਭਗਤ ਸਿੰਘ ਦਾ ਜਨਮ ਹੋਇਆ ਸੀ ਤਾਂ ਉਸ ਦਾ ਪਿਤਾ ਕਿਸ਼ਨ ਸਿੰਘ ਤੇ ਚਾਚੇ ਅਜੀਤ ਸਿੰਘ ਤੇ ਸਰਬਨ ਸਿੰਘ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਆਏ ਸਨ, ਜਿਸ ਕਰਕੇ ਨਵ-ਜੰਮੇ ਬੱਚੇ ਭਗਤ ਸਿੰਘ ਨੂੰ ਬਹੁਤ ਹੀ ਭਾਗਾਂ ਵਾਲਾ ਪਰਵਾਰ ਦੇ ਜੀ ਤੇ ਹੋਰ ਲੋਕ ਕਹਿਣ ਲੱਗ ਪਏ ਸਨ। ਇੱਥੇ ਹੀ ਨਾਂ ਭਗਤ ਸਿੰਘ ਪਿਆ। ਭਗਤ ਸਿੰਘ ਹੋਰੀਂ ਸੱਤ ਭੈਣ-ਭਰਾ ਸਨ।

ਭਗਤ ਸਿੰਘ ਬਾਲੜੀ ਉਮਰ 'ਚ ਜਦ ਗਲੀਆਂ 'ਚ ਖੇਡਦਾ ਤਾਂ ਕੱਕੇ ਰੇਤੇ ਦੀਆਂ ਢੇਰੀਆਂ ਬਣਾ ਵਿੱਚ ਡੱਕੇ ਗੱਡ ਦਿੰਦਾ। ਜਦ ਕੋਈ ਪੁੱਛਦਾ, 'ਭਗਤ ਸਿਆਂ ਇਹ ਕੀ ਖੇਡਦੈਂ।'ਤਾਂ ਭਗਤ ਸਿੰਘ ਅੱਗੋ ਕਹਿੰਦਾ, 'ਬੰਦੂਖਾਂ ਬੀਜਦਾ ਹਾਂ।' 'ਇਨ੍ਹਾਂ ਦਾ ਕੀ ਕਰੇਂਗਾ?' ਅੱਗੋ ਸਵਾਲ ਕਰਨ ਵਾਲਾ ਪੁੱਛਦਾ ਤਾਂ ਭਗਤ ਸਿੰਘ ਦਾ ਜਵਾਬ ਹੁੰਦਾ, 'ਇਨ੍ਹਾਂ ਬੰਦੂਖਾਂ ਨਾਲ ਗੋਰੇ ਬਲੈਤੀਆਂ ਨੂੰ ਭਾਰਤ ਵਿੱਚੋਂ ਬਾਹਰ ਕੱਢਾਂਗਾ।' ਇਹ ਭਗਤ ਸਿੰਘ ਦੀ ਬਚਪਨ ਦੀ ਸੋਚ ਸੀ।

ਭਗਤ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ, ਅੱਗੇ ਡੀ ਏ ਵੀ ਹਾਈ ਸਕੂਲ, ਲਾਹੌਰ ਤੋਂ ਤੇ ਸੰਨ 1923 ਨੂੰ ਨੈਸ਼ਨਲ ਕਾਲਜ ਲਾਹੌਰ ਵਿਖੇ ਦਾਖਲਾ ਲਿਆ। ਭਗਤ ਸਿੰਘ ਵੱਲੋਂ ਜਿਸ ਨਾਟਕ ਮੰਡਲੀ ਦਾ ਗਠਨ ਕੀਤਾ ਸੀ, ਉਸ ਦਾ ਨਾਂਅ ਨੈਸ਼ਨਲ ਡਰਾਮਾਟਿਕ ਕਲੱਬ ਰੱਖਿਆ ਗਿਆ, ਜੋ ਨਾਟਕ ਵਿਖਾਏ ਜਾਂਦੇ ਸੀ, ਉਨ੍ਹਾਂ ਵਿੱਚ ਭਗਤ ਸਿੰਘ ਦੀ ਮੁੱਖ ਭੂਮਿਕਾ ਹੁੰਦੀ ਸੀ। ਭਗਤ ਸਿੰਘ ਦੀ ਜੋ ਪਗੜੀ ਵਾਲੀ ਫੋਟੋ ਹੈ, ਇਸੇ ਕਲੱਬ ਵਿੱਚ ਹੀ ਖਿੱਚੀ ਗਈ ਫੋਟੋ ਹੈ।

ਜਦ ਭਗਤ ਸਿੰਘ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ, ਉਸ ਸਮੇਂ ਗੁਰਦੁਆਰਾ ਸੁਧਾਰ ਲਹਿਰ ਤੇ ਨਾਮਿਲਵਰਤਣ ਲਹਿਰਾਂ ਉਠੀਆਂ। ਭਗਤ ਸਿੰਘ ਕਾਨਪੁਰ, ਦਿੱਲੀ ਦੇ ਸਾਥੀਆਂ ਨਾਲ਼ ਮਿਲ ਕੇ 1919 ਵਿੱਚ ਮਹਾਤਮਾ ਗਾਧੀ ਦੀ ਨਾ ਮਿਲਵਰਤਨ ਲਹਿਰ ਵਿੱਚ ਕੁੱਦ ਪਿਆ। ਭਗਤ ਸਿੰਘ ਵਧ ਚੜ੍ਹ ਕੇ ਰੈਲੀਆਂ-ਮੁਜ਼ਾਹਰਿਆ ਵਿੱਚ ਹਿੱਸਾ ਲੈਂਦਾ। ਸੰਨ 1921 ਵੇਲੇ ਚੋਰਾ-ਚੋਰੀ ਦੀ ਘਟਨਾ ਵੇਲੇ ਜਦ ਅੰਦੋਲਨ ਸਿਖਰ 'ਤੇ ਸੀ ਤਾਂ ਮਹਾਤਮਾ ਗਾਂਧੀ ਦੇ ਅੰਦੋਲਨ ਸਮਾਪਤ ਕਰਨ ਦੇ ਇੱਕ ਪਾਸੜ ਫੈਸਲੇ ਨੇ ਭਗਤ ਸਿੰਘ ਦੇ ਮਨ ਨੂੰ ਵੱਡੀ ਠੇਸ ਪਹੁਚਾਈ।

ਅੰਗਰੇਜ਼ ਸਰਕਾਰ ਦੇ ਵਿਤਕਰੇ ਭਰੀ ਘਟਨਾ ਸੰਨ 1914-15 ਦੇ ਲਾਹੌਰ ਸਾਜ਼ਿਸ਼ ਕੇਸ, ਜਿਸ ਵਿੱਚ ਕਰਤਾਰ ਸਿੰਘ ਸਰਾਭਾ ਅਤੇ 63 ਹੋਰ ਭਾਰਤੀਆਂ ਨੂੰ ਫਾਂਸੀ ਦੀ ਸਜ਼ਾ ਤੇ ਕੁਝ ਨੂੰ ਕਾਲੇ ਪਾਣੀ, ਉਮਰ ਕੈਦ ਬੋਲੀ। ਇਸ ਵਿਤਕਰੇ ਭਰੀ ਘਟਨਾ ਨੇ ਭਗਤ ਸਿੰਘ ਨੂੰ ਪੂਰੀ ਤਰ੍ਹਾਂ ਝੰਜੋੜਿਆ। ਭਗਤ ਸਿੰਘ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਆਦਰਸ਼ ਵੀ ਮੰਨਦੇ ਸਨ।

(• ਬਾਕੀ ਸਫ਼ਾ 4 'ਤੇ)

# ਸ਼ਹੀਦੇ ਆਜ਼ਮ ਭਗਤ ਸਿੰਘ ਦਾ 'ਅਛੂਤ ਦਾ ਸਵਾਲ' ਅੱਜ ਵੀ ਫੰਨ ਖਿਲਾਰੀ ਖੜ੍ਹਾ ਹੈ

ਵਰਗਿਸ ਸਲਾਮਤ

'ਹੈਲੋ ! ਮੈਂ ਭਗਤ ਸਿੰਘ ਬੋਲ ਰਿਹਾ ਹਾਂ, ਮਾਸਟਰ ਤਰਲੋਚਨ ਸਿੰਘ ਦੀ ਅਨੁਵਾਦਿਤ ਅਤੇ ਸੰਪਾਦਿਤ ਪੁਸਤਕ ਹੈ, ਜਿਸ ਵਿੱਚ ਭਗਤ ਸਿੰਘ ਦੁਆਰਾ ਜੂਨ, 1928 'ਚ ਲਿਖਿਆ 'ਅਛੂਤ ਦਾ ਸਵਾਲ : ਸਮਾਜਿਕ ਇੰਨਕਲਾਬ ਲਈ ਉੱਠੋ' ਸਿਰਲੇਖ ਹੇਠ ਲਿਖਿਆ ਲੇਖ ਛਪਿਆ ਸੀ, ਜੋ ਅਜੋਕੇ ਪ੍ਰਸੰਗ 'ਚ ਵੀ ਵਿਸ਼ੇਸ਼ ਤਵੱਜੋਂ ਦੀ ਮੰਗ ਕਰਦਾ ਹੈ। 95-96 ਸਾਲ ਪਹਿਲਾਂ ਇਹ ਲੇਖ 30 ਕਰੋੜ ਭਾਰਤੀਆਂ ਦੀ ਪ੍ਰਤੀਨਿਧਤਾ ਕਰਦਾ ਸੀ ਅਤੇ ਅੱਜ ਵੀ 138 ਕਰੋੜ ਭਾਰਤੀਆਂ ਸਾਹਮਣੇ ਅਛੂਤ ਦਾ ਸਵਾਲ ਵੱਡੇ ਪ੍ਰਸ਼ਨ ਚਿੰਨ੍ਹ ਵਾਂਗ ਫੰਨ ਫੈਲਾਈ ਜ਼ਹਰੀਲੇ ਨਾਗ ਵਾਂਗ ਖੜਾ ਹੈ, ਬਲਕਿ ਗਲੋਬਲਾਈਜ਼ੇਸ਼ਨ ਦੇ ਯੁਗ ਵਿਚ ਜਿੱਥੇ-ਜਿੱਥੇ ਵੀ ਲੋਕ ਜਾਤ-ਪਾਤ, ਨਸਲ ਅਤੇ ਰੰਗ-ਭੇਦ ਦੇ ਵਿਤਕਰੇ ਨਾਲ ਸਦੀਆਂ ਤੋਂ ਡਰਾਏ , ਧਮਕਾਏ ਅਤੇ ਸਤਾਏ ਜਾ ਰਹੇ ਹਨ, ਅਜਿਹੇ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਉਨ੍ਹਾਂ ਉਸ ਸਮੇ ਦੀਆਂ ਪ੍ਰਸਥਿਤੀਆਂ ਅਤੇ ਮੁਲਕ ਦੇ ਬੁਨਿਆਦੀ ਸਮਾਜਿਕ ਤਬਦੀਲੀ ਦੇ ਅਮਲ ਅੰਦਰ ਜਾਤਪਾਤ ਦੇ ਇਸ ਸਵਾਲ ਨੂੰ ਕਿੰਨੀ ਸ਼ਿੱਦਤ, ਫਿਕਰਮੰਦੀ ਅਤੇ ਸੰਵੇਦਨਸ਼ੀਲਤਾ ਨਾਲ ਉਠਾਇਆ।

ਉਹਨਾ ਦੇ ਸ਼ਬਦਾਂ 'ਚ 'ਜਿੰਨੀ ਭੈੜੀ ਹਾਲਤ ਸਾਡੇ ਮੁਲਕ ਦੀ ਐ-ਨਹੀ ਹੋਣੀ ਕਿਸੇ ਹੋਰ ਮੁਲਕ ਦੀ ਐਸੀ ਭੈੜੀ ਹਾਲਤ। ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਐਥੇ। ਇਕ ਬੜਾ ਭਾਰੀ ਸਵਾਲ ਅਛੂਤ ਦਾ ਐ। ਸਵਾਲ ਪਤਾ ਕੀ ਕੀਤਾ ਜਾਂਦੈ, ਅਖੇ ਇਸ 30 ਕਰੋੜ ਅਬਾਦੀ ਵਾਲੇ ਮੁਲਕ 'ਚ, ਜੋ 6 ਕਰੋੜ ਆਦਮੀ ਰਹਿੰਦੇ ਐ, ਜਿਹਨਾਂ ਨੂੰ ਅਛੂਤ ਕਿਹਾ ਜਾਂਦੈ- ਉਹਨਾਂ ਨੂੰ ਛੂਹਣ ਨਾਲ ਧਰਮ ਤਾਂ ਨਹੀ ਭਿੱਟਿਆ ਜਾਊ? ਜੇ ਕਿਤੇ ਉਹਨਾਂ ਨੂੰ ਮੰਦਰਾਂ 'ਚ ਵੜਨ ਦਿੱਤਾ, ਕਿਤੇ ਦੇਵਤੇ ਤਾਂ ਨ੍ਹੀਂ ਰੁੱਸ ਜਾਣਗੇ? ਜੇ ਉਹਨਾਂ ਖੂਹ 'ਚੋਂ ਪਾਣੀ ਕੱਢ ਲਿਆ, ਕਿਤੇ ਖੂਹ ਪਲੀਤ ਤਾਂ ਨ੍ਹੀਂ ਹੋਜੂ? ਇਹ ਸਵਾਲ ਕੀਤੇ ਜਾ ਰਹੇ ਐ ਤੇ ਕੀਤੇ ਵੀ ਜਾ ਰਹੇ ਐ। 20ਵੀਂ ਸਦੀ 'ਚ। ਸ਼ਰਮ ਆਉਂਦੀ ਐ ਐਸੇ ਸਵਾਲਾਂ ਨੂੰ ਸੁਣਦਿਆਂ। ਸਾਡਾ ਮੁਲਕ ਤਾਂ ਬੜਾ ਈ ਅਧਿਆਤਮਵਾਦੀ ਯਾਨੀ ਕਿ ਰੂਹਾਨੀਅਤ ਪਸੰਦ ਮੁਲਕ ਐ, ਪਰ ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋ ਵੀ ਝਕਦੇ ਆਂ ਅਤੇ ਉਹ ਯੂਰਪ ਜੀਹਨੂੰ ਸਾਰੇ ਈ ਕਹਿੰਦੇ ਆਂ ਕਿ ਉਹ ਤਾਂ ਭਈ ਮਾਇਆਵਾਦੀ ਐ, ਉਹਨਾਂ ਸਦੀਆਂ ਤੋਂ ਬਰਾਬਰੀ ਅਤੇ ਇਕਸਾਰਤਾ ਦਾ ਐਲਾਨ ਕੀਤਾ ਹੋਇਐ।'

ਭਗਤ ਸਿਹਾਂ ਐਲਾਨ ਤਾਂ ਸਾਡੇ ਵਾਲਿਆਂ ਨੇ ਵੀ ਸੰਵਿਧਾਨ ਵਿਚ ਬੜਾ ਠੋਕ-ਵਜਾ ਕੇ ਕੀਤਾ ਹੋਇਆ, ਪਰ ਸਾਡਾ ਸਮਾਜ ਪ੍ਰਤੀ ਦੋਗਲਾ -ਸੋਚ ਦੇ ਤਥਾਕਥਿਤ ਵਰਣ -ਵਰਗ ਵਾਲੇ ਸਮਾਜ ਦੀ ਵੰਡ ਵਿੱਚੋਂ ਬਾਹਰ ਨਹੀ ਆਉਣ ਦਿੰਦਾ। ਤੁਸੀ 'ਮੈਂ ਨਾਸਤਿਕ ਕਿਉਂ ਹਾਂ' ਲੇਖ ਲਿਖ ਕੇ ਸਹੀ ਕੀਤਾ, ਘੱਟੋ-ਘੱਟ ਇਸ ਬਹੁਰੂਪੀ ਕਿਰਦਾਰ ਨਾਲ ਨਹੀ ਜੀਵੇ। ਕਿਉਂਕਿ ਸਿੱਖਵਾਦ ਵੀ ਗੁਰੂਆਂ ਦੀ ਬਾਣੀ ਦੇ 'ਏਕਸ ਪਿਤਾ ਏਕਸ ਕੇ ਹਮ ਬਾਰਿਕ' ਦੇ ਸਿਧਾਂਤਾਂ ਉਰ੍ਹੇ ਰਿਹ ਗਿਆ ਹੈ। ਅੱਜ ਵੀ ਉਹ ਕੱਪ, ਗਲਾਸ ਤੋੜ ਦਿੱਤਾ ਜਾਂਦਾ ਹੈ, ਜਿਸ ਵਿਚ ਕੋਈ ਛੋਟੀ ਜਾਤ ਵਾਲਾ 'ਸਿੰਘ' ਚਾਹ ਵੀ ਪੀ ਲੈਂਦਾ ਹੈ, ਭਾਵੇਂ ਉਸ ਦੀ ਗੋਤ ਵੀ ਸੰਧੂ , ਗਿੱਲ ਜਾਂ ਹੋਰ ਸਵੈ ਭਰਮ ਵਾਲਾ ਉੱਚ ਸਰਨੇਮ ਹੋਵੇ। ਅੱਜ ਵੀ ਅਜਿਹੇ ਸਮਾਜ ਦੇ ਲੋਕਾਂ ਨੂੰ ਚੌਖਟ ਦੇ ਅੰਦਰ ਨਹੀ ਆਉਣ ਦਿੱਤਾ ਜਾਂਦਾ, ਜੋ ਮਲੀਨ ਕਿੱਤੇ ਨਾਲ ਜੀਵਨ ਦੀ ਰੋਟੀ ਚਲਾਉਂਦੇ ਹਨ । ਅੱਜ ਵੀ ਜਗੀਰਦਾਰੀ ਅਤੇ ਠਾਕੁਰਗਿਰੀ ਕਿਸੇ ਗਰੀਬ ਲਾੜੇ ਨੂੰ ਸਿਹਰੇ ਲਾ ਕੇ ਘੋੜੀ ਚੜ੍ਹਿਆ ਬਰਦਾਸ਼ਤ ਨਹੀ ਕਰਦੀ , ਅੱਜ ਵੀ ਮੰਦਰਾਂ 'ਚ ਵੜਨ ਦੀ ਮਨਾਹੀ ਹੈ, ਅੱਜ ਤਾਂ ਉਸ ਤੋਂ ਹੱਦ ਹੋ ਗਈ ਹੈ, ਬਲਕਿ ਹੱਦ ਤੋਂ ਵੱਧ ਹੋ ਗਈ ਹੈ ਕਿ ਉਸ ਤਰ੍ਹਾਂ ਤੇ ਅਛੂਤ ਨੂੰ ਛੂਹਣ ਨਾਲ ਭਿੱਟੇ ਜਾਂਦੇ, ਪਰ ਉਹਨਾਂ ਦੀਆਂ ਧੀਆਂ-ਭੈਣਾਂ ਬਲਾਤਕਰ ਕਰ ਹੱਤਿਆਵਾਂ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਸੱਤਾ 'ਚ ਬੈਠੇ ਉਸ ਵਰਗ ਜਾਤ ਨਾਲ ਸੰਬੰਧਤ ਉਸ ਨੂੰ ਬਚਾਉਣ ਲਈ ਦਲੀਲਾਂ ਘੜਦੇ ਹਨ।

ਸ਼ਹੀਦੇ ਆਜ਼ਮ ਦੇ ਕਰੀਬੀ ਮਿੱਤਰਾਂ ਨੇ ਆਪਣੇ ਲੇਖਾਂ 'ਚ ਗਵਾਹੀ ਦਿੰਦਿਆਂ ਕਿਹਾ ਹੈ ਕਿ ਭਗਤ ਸਿੰਘ ਬਹੁਤ ਪੜ੍ਹਦਾ ਸੀ, ਉਸ ਦੀ ਜੇਬ ਜਾਂ ਹੱਥ 'ਚ ਹਰ ਵੇਲੇ ਕੋਈ ਨਾ ਕੋਈ ਕਿਤਾਬ ਹੁੰਦੀ ਸੀ। ਇਸ ਲਈ ਉਹ ਹਰ ਮਸਲੇ ਨੂੰ ਗੰਭੀਰਤਾ ਨਾਲ ਵਿਗਿਆਨਕ ਅਤੇ ਤੁਲਨਾਤਮਕ ਸੋਚਦਾ ਸੀ। ਉਹਨਾਂ ਸਥਾਪਤੀ ਦੀ ਇਸ ਪਿੱਛਾਖੜੀ ਦੀ ਵਿਚਾਰਧਾਰਾ ਦੇ ਪ੍ਰਭਾਵ ਤੋਂ ਮੁਕਤ ਕਰਵਾਉਣ ਲਈ ਅਛੂਤ ਦੇ ਮਸਲੇ ਤੇ ਭਾਰਤੀ ਅਧਿਆਤਮਵਾਦ ਅਤੇ ਰੂਹਾਨੀਵਾਦ 'ਚ ਮਨੁੱਖਾਂ ਦੀ ਦਰਜਾਬੰਦੀ ਨੂੰ ਪੜ੍ਹਦਿਆਂ ਉਹਨਾਂ ਯੂਰਪ ਦੀ ਇਕਸਾਰਤਾ ਅਤੇ ਬਰਾਬਰੀ ਦੀ ਤਰੀਫ ਕੀਤੀ ਹੈ ਅਤੇ ਅਸੀ ਅਜੇ ਵੀ ਛੂਤ-ਅਛੂਤ ਦੇ ਰੇੜਕੇ 'ਚ ਧਰਮ ਨੂੰ ਰਿੜਕ ਰਹੇ ਹਾਂ ਜਾਂ ਧਰਮ ਦੇ ਰੇੜਕੇ 'ਚ ਛੂਤ- ਅਛੂਤ ਰਿੜਕ ਰਹੇ ਹਾਂ।

ਭਗਤ ਸਿੰਘ ਆਪਣੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ' ਵਿਚ ਕਹਿੰਦਾ ਹੈ ਕਿ ਰੱਬ ਦੀ ਹੋਂਦ ਨੂੰ ਮੈਂ ਉਸ ਦੇ ਨਾਂਅ ਉੱਤੇ ਸ਼ੋਸ਼ਣ ਕਰਨ ਵਾਲਿਆਂ ਦੀ ਹੀ ਕਾਢ ਮੰਨਦਾ ਹਾਂ, ਜਿਹੜੇ ਲੋਕ ਮਨੁੱਖਾਂ ਨੂੰ ਆਪਣੀ ਗੁਲਾਮੀ ਦੇ ਜਾਲ ਹੇਠ ਰੱਖਣਾ ਚਾਹੁੰਦੇ ਹਨ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਸਾਡੇ ਗੁਰੂਆਂ, ਪੈਗੰਬਰਾਂ, ਭਗਵਾਨਾਂ ਆਦਿ, ਜਿਹਨਾਂ ਨੂੰ ਅਸੀਂ ਮੰਨਦੇ ਅਤੇ ਪੂਜਦੇ ਹਾਂ, ਉਹਨਾਂ ਆਪਣੇ ਸਮੇ ਦੀਆਂ ਪ੍ਰਸਥਿਤੀਆਂ ਦੇ ਉਲਟ ਸਮਾਜ 'ਚ ਸ਼ਰੇਆਮ ਛੂਤ-ਛਾਤ ਦਾ ਵਿਰੋਧ ਕੀਤਾ ਅਤੇ ਅਛੂਤਾਂ ਨਾਲ ਰਹਿ ਕੇ,ਉਹਨਾਂ ਵਿਚ ਜੀਵਨ ਜਿਓ ਕੇ ਇਸ ਕੁਰੀਤੀ ਦਾ ਟੋਟਲ ਖੰਡਨ ਕੀਤਾ ਅਤੇ ਮਨੁੱਖਾਂ ਵਿੱਚ ਬਰਾਬਰੀ ਅਤੇ ਇਕਸਾਰਤਾ ਦਾ ਸੰਦੇਸ਼ ਦਿੱਤਾ। ਸ੍ਰੀ ਰਾਮ ਜੀ ਨੇ ਇਕ ਆਦਰਸ਼ ਰਾਜਾ ਹੁੰਦਿਆਂ ਇਕ ਗਰੀਬ ਭੀਲਣੀ ਔਰਤ ਦੇ ਜੂਠੇ ਬੇਰ ਖਾਧੇ, ਭਗਵਾਨ ਸ੍ਰੀ ਕ੍ਰਿਸ਼ਨ ਸੁਦਾਮੇ ਤੋਂ ਆਪਣੀ ਜਾਨ ਵਾਰਦੇ ਸਨ, ਭਗਵਾਨ ਸ਼ਿਵ ਦੇ ਨਾਲ ਹਰ ਤਰਾਂ ਦੇ ਪਛੂ-ਪੰਛੀ ਅਤੇ ਜੀਵ ਰਹਿੰਦੇ ਸਨ, ਯਸੂ ਮਸੀਹ ਨੇ ਆਪ ਅਛੂਤਾਂ ਦੀ ਬਸਤੀ 'ਚ ਜਾ ਕੇ ਇਕ ਸਾਮਰੀ ਜਾਤ ਦੀ ਔਰਤ ਤੋਂ ਆਪ ਪਾਣੀ ਮੰਗ ਕੇ ਪੀਤਾ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਹਰ ਵੇਲੇ ਬਾਲਾ ਅਤੇ ਮਰਦਾਨਾ ਰਹਿੰਦੇ ਸਨ ਅਤੇ ਸੰਗਤ ਕਰਦੇ ਸਨ। ਮੁਹੰਮਦ ਸਾਹਿਬ ਖੁਦ ਆਪ ਮਜ਼ਲੂਮਾਂ ਅਤੇ ਗਰੀਬਾਂ 'ਚ ਰਿਹ ਕੇ ਸੇਵਾ ਕਰਦੇ ਰਹੇ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਜਾਤਾਂ 'ਚੋਂ ਪੰਜ ਪਿਆਰਿਆਂ ਦੀ ਸਥਾਪਨਾ ਕਰਕੇ ਸਿੱਖ ਧਰਮ ਦਾ ਨਵਾਂ ਅਧਿਆਏ ਸ਼ੁਰੂ ਕੀਤਾ ਅਤੇ ਜਾਤਪਾਤ ਨੂੰ ਮੁੱਢੋਂ ਖਤਮ ਕੀਤਾ। ਮਹਾਤਮਾ ਬੁੱਧ ਨੂੰ ਹਰ ਵੇਲੇ ਅਛੂਤਾਂ ਨਾਲ ਹੋ ਰਿਹਾ ਅਪਮਾਨ ਸਤਾਉਂਦਾ ਰਹਿੰਦਾ ਸੀ।

ਬੁੱਲ੍ਹੇ ਸ਼ਾਹ, ਬਾਬਾ ਫਰੀਦ, ਕਬੀਰ ਅਤੇ ਰਹੀਮ ਆਦਿ ਨੇ ਏਸ ਕੁਰੀਤੀ ਦਾ ਤਿੱਖਾ ਵਿਰੋਧ ਕੀਤਾ। ਸ਼ਹੀਦੇ ਆਜ਼ਮ ਭਗਤ ਸਿੰਘ ਜੀ ਨੇ ਜੇਲ੍ਹ ਵਿਚ ਆਪਣੀ ਫਾਂਸੀ ਦੇ ਆਖਰੀ ਵੇਲੇ ਪਖਾਨਿਆਂ ਦੀ ਸਫਾਈ ਕਰਨ ਵਾਲੀ ਅਛੂਤ ਬਜ਼ੁਰਗ ਔਰਤ ਨੂੰ ਮਾਂ ਦਾ ਦਰਜਾ ਦੇ ਕੇ ਉਸ ਦੇ ਹੱਥ ਦੀ ਬਣੀ ਰੋਟੀ ਖਾਣ ਦੀ ਆਖਰੀ ਇੱਛਾ ਜਤਾਈ ਅਤੇ ਇਹ ਵੀ ਕਿਹਾ ਕਿ ਜੇ ਗੰਦ ਚੁੱਕਣਾ ਅਛੂਤ ਦਾ ਹੀ ਕੰਮ ਹੈ ਤਾਂ ਮੇਰੀ ਮਾਂ, ਜਿਸ ਨੇ ਮੇਰਾ ਗੰਦ ਚੁੱਕਿਆ ਹੈ, ਉਹ ਵੀ ਅਛੂਤ ਹੈ ਅਤੇ ਹਰ ਉਹ ਮਾਂ ਅਛੂਤ ਹੈ, ਜੋ ਆਪਣੀ ਔਲਾਦ ਦਾ ਗੰਦ ਸਾਫ ਕਰਦੀ ਹੈ। ਸ਼ਹੀਦੇ ਆਜ਼ਮ ਇਸ ਮਨੁੱਖੀ ਬੇਇਨਸਾਫੀ 'ਤੇ ਹੋਰ ਘੋਰ ਤਿੱਖੀ ਟਿੱਪਣੀ ਕਰਦੇ ਹਨ ਕਿ ਕੁੱਤੇ ਨੂੰ ਤਾਂ ਅਸੀ ਚੁੰਮਦੇ, ਚਟਦੇ ਅਤੇ ਝੋਲੀ ਵਿਚ ਬਿਠਾਉਂਦੇ ਹਾਂ, ਪਰ ਆਦਮੀ ਦੇ ਛੂਹਣ ਨਾਲ ਸਾਡਾ ਧਰਮ ਭਿਟਿਆ ਜਾਂਦਾ ਹੈ, ਫਿਰ ਇਹ ਸਾਡਾ ਦੋਗਲਾ ਵਤੀਰਾ ਹੀ ਹੋਇਆ।

ਸ਼ਹੀਦੇ ਆਜ਼ਮ ਦੇ ਇਸ ਲੇਖ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਭਾਰਤ ਵਿਚ ਨਵੇਂ ਧਰਮਾਂ ਦਾ ਬਣਨਾ ਅਤੇ ਧਰਮ ਪਰਿਵਰਤਨ ਵੀ ਇਸੇ ਸੌੜੀ, ਕੌੜੀ ਅਤੇ ਭੈੜੀ ਸੋਚ ਦਾ ਹੀ ਨਤੀਜਾ ਸੀ ਅਤੇ ਅੱਜ ਵੀ ਹੈ। ਮਨੋਵਿਗਿਆਨ ਕਹਿੰਦਾ ਹੈ ਕਿ ਕੋਈ ਵੀ ਆਦਮੀ ਭਾਵੇਂ ਉਹ ਗ਼ਰੀਬ ਤੋਂ ਗ਼ਰੀਬ ਹੋਵੇ, ਪਲੀਤ ਤੋਂ ਪਲੀਤ ਹੋਵੇ ਅਤੇ ਉਹ ਵਿਤਕਰਿਆਂ ਵਿਚ ਜੀਵਨਾ ਨਹੀ ਚਾਹੁੰਦਾ .... ਅਜਿਹੇ ਵਿਤਕਰਿਆਂ ਵਾਲੇ ਜੀਵਨ ਦਾ ਹਮੇਸ਼ਾ ਵਿਰੋਧ ਹੋਵੇਗਾ ਅਤੇ ਹੋਣਾ ਵੀ ਚਾਹੀਦਾ, ਕਿਉਂਕੀ ਕੁਦਰਤੀ ਤੌਰ 'ਤੇ ਆਦਮੀ ਆਜ਼ਾਦ ਹੈ। ਜਦੋਂ ਕੁਦਰਤ ਹਰੇਕ ਇਨਸਾਨ ਨੂੰ ਸਭ ਕੁੱਝ ਬਰਾਬਰ ਵੰਡਦੀ ਹੈ ਤਾਂ ਇਨਸਾਨ ਕੌਣ ਹੈ ਵਿਤਕਰਾ ਕਰਨ ਵਾਲਾ। ਉਹਨਾਂ ਨੂੰ ਜਿੱਥੇ ਬਰਾਬਰਤਾ, ਇਕਸਾਰਤਾ ਅਤੇ ਭੇਦਭਾਵ ਰਹਿਤ ਲੋਕ ਮਿਲੇ, ਉਨ੍ਹਾ ਉਹੀ ਧਰਮ ਅਪਣਾ ਲਿਆ। ਇਹੀ ਕਾਰਨ ਸੀ ਕੇ ਭਾਰਤ ਵਿਚ ਲੋਕ ਸਿੱਖ, ਮੁਸਲਮਾਨ ਅਤੇ ਇਸਾਈ ਬਣੇ। ਪਰ ਇਹਨਾਂ ਵੀ ਉਹ ਵਲਗਣਾਂ ਪੂਰੇ ਤੌਰ 'ਤੇ ਨਹੀ ਢਾਹੀਆਂ।

ਡਾਕਟਰ ਅੰਬੇਡਕਰ ਨੇ ਆਪਣਾ ਸਾਰਾ ਜੀਵਨ ਇਸ ਅਛੂਤ ਦੇ ਸਵਾਲ ਨੂੰ ਹੀ ਹੱਲ ਕਰਨ ਲਈ ਗੂੜ੍ਹ ਅਧਿਐਨ ਵਿਚ ਜੀਵਨ ਬਿਤਾ ਦਿੱਤਾ। ਏਸੇ ਲਈ ਸੰਵਿਧਾਨ ਵਿੱਚ ਜਾਤ-ਪਾਤ ,ਰੰਗ-ਭੇਦ, ਉਚ-ਨੀਚ ਆਦਿ ਦੇ ਦੇ ਬੁਰੇ ਅਧਿਆਏ ਖਤਮ ਕਰਨ ਦੀ ਸਖਤ ਵਿਵਸਥਾ ਕੀਤੀ। ਕੁਝ ਚੰਗੇ ਨੇਤਾਵਾਂ, ਬੁੱਧੀਜੀਵੀਆਂ, ਲੇਖਕਾਂ ਅਤੇ ਅਫਸਰਾਂ ਦੇ ਪੱਕੇ ਇਰਾਦਿਆਂ ਅਤੇ ਚੰਗੀ ਸੋਚ ਸਦਕਾ ਸਾਡਾ ਸੰਵਿਧਾਨ ਨਿਰਪੱਖਤਾ ਅਤੇ ਬਰਾਬਰੀ ਦਾ ਮੁਜੱਸਮਾ ਹੈ। ਸਖਤ ਕਨੂੰਨਾ ਰਾਹੀਂ ਅਛੂਤ ਦੀ ਇਸ ਧਾਰਨਾ ਨੂੰ ਸਖਤ ਸਜ਼ਾਵਾਂ ਨਾਲ ਖਤਮ ਕੀਤਾ ਗਿਆ ਹੈ, ਪਰ ਅੱਜ ਵੀ ਵਾਪਰ ਰਹੀਆਂ ਘਟਨਾਵਾਂ ਨੂੰ ਵੇਖਦਿਆਂ ਅਛੂਤ ਦਾ ਇਹ ਸਵਾਲ ਫਿਰ ਫੰਨ ਖਿਲਾਰੀ ਸਾਡੇ ਸਾਹਮਣੇ ਖੜਾ ਹੈ।

ਜੇ ਪਿਛਲੇ ਕੁੱਝ 10-15 ਸਾਲਾਂ ਦੀਆਂ ਵਾਪਰੀਆਂ ਘਟਨਾਵਾਂ ਨੂੰ ਘੋਖੀਏ ਤਾਂ ਇੰਜ ਲਗਦਾ, ਜਿਵੇਂ ਅਜਿਹੀ ਮੌਕਾਪ੍ਰਸਤੀ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਵੀ ਉਹਨਾਂ ਲੋਕਾਂ ਦੇ ਨਾਵਾਂ , ਘਰਾਂ ਅਤੇ ਮੁਹੱਲਿਆਂ ਨੂੰ ਜਾਤੀ ਸੂਚਕ ਨਾਵਾਂ ਨਾਲ ਭਿੱਟਿਆ ਜਾਂਦਾ ਹੈ ਅਤੇ ਆਪਣੇ ਆਪ ਨੂੰ ਸਵਰਨ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਲਈ ਸ਼ਹੀਦੇ ਆਜ਼ਮ ਭਗਤ ਸਿੰਘ ਨੇ ਕਿਹਾ ਹੈ, 'ਸਮਾਜਿਕ ਇਨਕਲਾਬ ਲਈ ਉੱਠੋ।'

*# ਸੰਪਰਕ : 98782-61522*

ਸ਼ਨੀਵਾਰ, 28 ਸਤੰਬਰ, 2024
13 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 118

# ਨਵਾਂ ਜ਼ਮਾਨਾ

DAILY NAWAN ZAMANA • SATURDAY, 28 SEPTEMBER, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

## ਜਿੱਤੇ ਹਿੰਦੋਸਤਾਨੀ, ਖ਼ੁਸ਼ ਹੋਏ ਪਾਕਿਸਤਾਨੀ



**ਨਵੀਂ ਦਿੱਲੀ** : ਹੰਗਰੀ ਦੀ ਰਾਜਧਾਨੀ ਬੁੱਡਾਪੇਸਟ ਵਿਚ ਚੈੱਸ ਉਲੰਪਿਆਡ-2024 'ਚ ਮਰਦਾਂ ਤੇ ਮਹਿਲਾਵਾਂ ਦੀਆਂ ਟੀਮਾਂ ਵੱਲੋਂ ਗੋਲਡ ਮੈਡਲ ਜਿੱਤਣ ਨੂੰ ਦੇਸ਼ ਦੀਆਂ ਮਹਾਨ ਖੇਡ ਪ੍ਰਾਪਤੀਆਂ ਵਿੱਚੋਂ ਇਕ ਮੰਨਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਵਾਇਰਲ ਹੋਈ ਇਕ ਵੀਡੀਓ ਨੇ ਇਹ ਬਹਿਸ ਛੇੜ ਦਿੱਤੀ ਹੈ ਕਿ ਸ਼ਤਰੰਜ ਕੂਟਨੀਤੀ ਤੇ ਏਕਤਾ ਲਈ ਕਿੰਨੇ ਬਹੁਮੁੱਲੇ ਸਬਕ ਪੇਸ਼ ਕਰ ਸਕਦੀ ਹੈ। ਵੀਡੀਓ ਵਿਚ ਜਿੱਤ ਦਾ ਜਸ਼ਨ ਮਨਾ ਰਹੇ ਭਾਰਤੀ ਮੈਂਬਰਾਂ ਨਾਲ ਪਾਕਿਸਤਾਨੀ ਚੈੱਸ ਟੀਮ ਵੀ ਭਾਰਤੀ ਝੰਡਾ ਫੜੀ ਨਜ਼ਰ ਆ ਰਹੀ ਹੈ। ਇਹ ਵੀਡੀਓ ਪ੍ਰਸਿੱਧ ਸ਼ਤਰੰਜ ਮੰਚ 'ਚੈੱਸਬੇਸ ਇੰਡੀਆ' ਨੇ ਸ਼ੇਅਰ ਕੀਤੀ ਹੈ।

## ਕਾਨਪੁਰ ਮੈਚ ਦੌਰਾਨ ਬੰਗਲਾਦੇਸ਼ੀ ਦੀਵਾਨਾ ਕੁੱਟ'ਤਾ



**ਕਾਨਪੁਰ** : ਭਾਰਤ ਤੇ ਬੰਗਲਾਦੇਸ਼ ਵਿਚਾਲੇ ਦੂਜੇ ਕ੍ਰਿਕਟ ਟੈੱਸਟ ਮੈਚ ਦੇ ਪਹਿਲੇ ਦਿਨ ਸ਼ੁੱਕਰਵਾਰ ਇੱਥੇ ਗ੍ਰੀਨ ਪਾਰਕ ਸਟੇਡੀਅਮ 'ਚ ਬੰਗਲਾਦੇਸ਼ੀ ਕ੍ਰਿਕਟ ਦੀਵਾਨੇ 'ਟਾਈਗਰ ਰੌਬੀ' ਨੂੰ ਦਰਸ਼ਕਾਂ ਨੇ ਕੁੱਟ ਦਿੱਤਾ ਤੇ ਉਸ ਨੂੰ ਹਸਪਤਾਲ ਲਿਜਾਣਾ ਪਿਆ। ਬੌਂਦਲੇ ਰੌਬੀ ਨੇ ਕਿਹਾ ਕਿ 15 ਕੁ ਦਰਸ਼ਕਾਂ ਨੇ ਉਸ ਦੀ ਪਿੱਠ ਤੇ ਪੇਟ ਤੋਂ ਹੇਠਾਂ ਵਾਰ ਕੀਤੇ ਤੇ ਉਸ ਨੂੰ ਸਾਹ ਆਉਣਾ ਔਖਾ ਹੋ ਗਿਆ।

ਖਬਰ ਏਜੰਸੀ ਪੀ ਟੀ ਆਈ ਵੱਲੋਂ ਪੋਸਟ ਕੀਤੀ ਵੀਡੀਓ ਵਿਚ ਰੌਬੀ ਬਹੁਤ ਪੀੜਾ ਵਿਚ ਨਜ਼ਰ ਆਇਆ ਤੇ ਉਸ ਦੇ ਬੋਲ ਨਹੀਂ ਨਿਕਲ ਰਹੇ ਸਨ। ਉਸ ਨੇ ਇਸ਼ਾਰਿਆਂ ਨਾਲ ਦੱਸਿਆ ਕਿ ਵਾਰ ਕਿੱਥੇ-ਕਿੱਥੇ ਕੀਤੇ ਗਏ।

ਸਟੇਡੀਅਮ ਵਿਚ ਤਾਇਨਾਤ ਪੁਲਸ ਵਾਲਿਆਂ ਨੇ ਰੌਬੀ ਦੇ ਦਾਅਵੇ ਨੂੰ ਝੁਠਲਾਉਂਦਿਆਂ ਕਿਹਾ ਕਿ ਰੌਬੀ ਸੀ ਬਲਾਕ ਨੇੜੇ ਔਖੇ ਸਾਹ ਲੈਂਦਾ ਦੇਖਿਆ ਗਿਆ ਤੇ ਉਸ ਕੋਲ ਬੋਲ ਨਹੀਂ ਹੋ ਰਿਹਾ ਸੀ। ਇਕ ਪੁਲਸ ਸੂਤਰ ਨੇ ਕਿਹਾ ਕਿ ਉਸ ਦੀ ਇਹ ਹਾਲਤ ਸਰੀਰ ਵਿਚ ਪਾਣੀ ਘਟਣ ਕਾਰਨ ਹੋਈ, ਨਾ ਕਿ ਦਰਸ਼ਕਾਂ ਨਾਲ ਪੰਗਾ ਪੈਣ ਕਰਕੇ।

'ਇੰਡੀਅਨ ਐੱਕਸਪ੍ਰੈੱਸ' ਅਖਬਾਰ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਰੌਬੀ ਨੇ ਕਿਹਾ ਕਿ ਭੀੜ ਖੇਡ ਸ਼ੁਰੂ ਹੋਣ ਤੋਂ ਹੀ ਉਸ ਨੂੰ ਗਾਲ੍ਹਾਂ ਕੱਢ ਰਹੀ ਸੀ। ਜਦੋਂ ਲੰਚ ਬ੍ਰੇਕ ਹੋਈ ਤਾਂ ਉਸ ਨੇ ਨਜਮੁਲ ਸ਼ਾਂਤੋ ਤੇ ਮੋਮੀਨੁਲ ਹੱਕ ਨੂੰ ਹਾਕਾਂ ਮਾਰੀਆਂ। ਇਸੇ ਦੌਰਾਨ ਕੁਝ ਦਰਸ਼ਕ ਉਸ ਦੁਆਲੇ ਇਕੱਠੇ ਹੋ ਗਏ ਅਤ ਉਸ ਦਾ ਮਸਕਟ (ਟਾਈਗਰ) ਤੇ ਝੰਡਾ ਪਾੜਨ ਦੀ ਕੋਸ਼ਿਸ਼ ਕੀਤੀ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਨੇ ਕਈ ਹਿੰਦੀ ਫਿਲਮਾਂ ਦੇਖੀਆਂ ਹਨ, ਇਸ ਕਰਕੇ ਉਸ ਨੂੰ ਗਾਲ੍ਹਾਂ ਦਾ ਪਤੈ। 2023 ਵਿਚ ਪੁਣੇ 'ਚ ਭਾਰਤ ਤੇ ਬੰਗਲਾਦੇਸ਼ ਵਿਚਾਲੇ ਵਨ ਡੇ ਵਰਲਡ ਕੱਪ ਮੈਚ ਦੌਰਾਨ ਵੀ ਮਸ਼ਹੂਰ ਬੰਗਲਾਦੇਸ਼ੀ ਕ੍ਰਿਕਟ ਦੀਵਾਨੇ ਸ਼ੋਏਬ ਅਲੀ ਬੁਖਾਰੀ ਉਰਫ ਟਾਈਗਰ ਸ਼ੋਏਬ ਨੂੰ ਭਾਰਤੀ ਦਰਸ਼ਕਾਂ ਨੇ ਨਿਸ਼ਾਨਾ ਬਣਾਇਆ ਸੀ। ਉਸ ਦਾ ਟਾਈਗਰ ਦਾ ਮਸਕਟ ਵੀ ਤੂੰਬਾ-ਤੂੰਬਾ ਕਰ ਦਿੱਤਾ ਸੀ।

ਬੰਗਲਾਦੇਸ਼ ਵਿਚ ਹਿੰਦੂਆਂ 'ਤੇ ਕਥਿਤ ਅੱਤਿਆਚਾਰਾਂ ਖਿਲਾਫ ਹਿੰਦੂ ਮਹਾਂ ਸਭਾ ਵੱਲੋਂ ਪ੍ਰਦਰਸ਼ਨ ਦੀ ਧਮਕੀ ਕਾਰਨ ਕਾਨਪੁਰ ਦੇ ਸਟੇਡੀਅਮ ਵਿਚ ਸੁਰੱਖਿਆ ਵਧਾਈ ਗਈ ਸੀ, ਪਰ ਰੌਬੀ ਟਾਈਗਰ ਫਿਰ ਵੀ ਕੁੱਟਿਆ ਗਿਆ।

# ਸ਼ਾਹ ਦਾ ਕਿਸਾਨਾਂ ਨੂੰ 10 ਹਜ਼ਾਰ ਦਾ ਲਾਲਚ



**ਚੰਡੀਗੜ੍ਹ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਹਰਿਆਣਾ ਦੇ ਅੰਬਾਲਾ ਵਿਚ ਚੋਣ ਰੈਲੀ 'ਚ ਐਲਾਨਿਆ ਕਿ ਹਰਿਆਣਾ ਵਿਚ ਭਾਜਪਾ ਦੀ ਤੀਜੀ ਵਾਰ ਸਰਕਾਰ ਬਣਦੀ ਹੈ ਤਾਂ ਪੀ ਐੱਮ ਕਿਸਾਨ ਸਨਮਾਨ ਨਿਧੀ ਦੀ ਰਕਮ ਸਾਲਾਨਾ 6 ਹਜ਼ਾਰ ਰੁਪਏ ਤੋਂ ਵਧਾ ਕੇ 10 ਹਜ਼ਾਰ ਰੁਪਏ ਕਰ ਦਿੱਤੀ ਜਾਵੇਗੀ। ਆਯੂਸ਼ਮਾਨ ਭਾਰਤ ਸਕੀਮ ਦਾ ਬੀਮਾ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰ ਦਿੱਤਾ ਜਾਵੇਗਾ। ਹਰਿਆਣਾ ਵਿਚ ਕਿਸਾਨਾਂ ਦਾ ਵੱਡਾ ਵਰਗ ਭਾਜਪਾ ਤੋਂ ਨਾਰਾਜ਼ ਚੱਲ ਰਿਹਾ ਹੈ। ਕਿਸਾਨਾਂ ਨੂੰ ਖੁਸ਼ ਕਰਨ ਲਈ ਸ਼ਾਹ ਨੇ ਇਹ ਬਿਆਨ ਦਿੱਤਾ ਹੈ।

ਉਨ੍ਹਾ ਰੇਵਾੜੀ ਵਿਚ ਭਾਜਪਾ ਦੀ ਚੋਣ ਰੈਲੀ ਨੂੰ ਸੰਬੋਧਨ ਦੌਰਾਨ ਪੁੱਛਿਆ ਕਿ ਕੀ ਰਾਹੁਲ ਗਾਂਧੀ ਨੂੰ 'ਐੱਮ ਐੱਸ ਪੀ' ਦਾ ਪੂਰਾ ਮਤਲਬ ਵੀ ਪਤਾ ਹੈ। ਉਨ੍ਹਾ ਨਾਲ ਹੀ ਦਾਅਵਾ ਕੀਤਾ ਕਿ ਹਰਿਆਣਾ ਦੀ ਭਾਜਪਾ ਸਰਕਾਰ 24 ਫਸਲਾਂ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਉਤੇ ਖਰੀਦ ਰਹੀ ਹੈ।

ਉਨ੍ਹਾ ਦੋਸ਼ ਲਾਇਆ ਕਿ ਰਾਹੁਲ ਸਿਰਫ ਇਸ ਕਾਰਨ ਐੱਮ ਐੱਸ ਪੀ ਦੀ ਗੱਲ ਕਰ ਰਹੇ ਹਨ, ਕਿਉਂਕਿ ਕਿਸੇ ਐੱਨ ਜੀ ਓ ਨੇ ਰਾਹੁਲ 'ਬਾਬਾ' ਨੂੰ ਇਹ ਦੱਸ ਦਿੱਤਾ ਹੈ ਕਿ ਅਜਿਹਾ ਕਰਨ ਨਾਲ ਉਨ੍ਹਾ ਨੂੰ ਵੋਟਾਂ ਮਿਲਣਗੀਆਂ। ਉਨ੍ਹਾ ਕਿਹਾ—ਰਾਹੁਲ ਬਾਬਾ, ਕੀ ਤੁਹਾਨੂੰ ਐੱਮ ਐੱਸ ਪੀ ਦੀ ਫੁੱਲ ਫਾਰਮ ਵੀ ਪਤਾ ਹੈ।

ਤੁਹਾਨੂੰ ਪਤਾ ਹੈ ਕਿ ਕਿਹੜੀਆਂ ਫਸਲਾਂ ਸਾਉਣੀ ਦੀਆਂ ਹੁੰਦੀਆਂ ਹਨ ਤੇ ਕਿਹੜੀਆਂ ਹਾੜ੍ਹੀ ਦੀਆਂ। ਹਰਿਆਣਾ ਵਿਚ 5 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਹੱਕ ਵਿਚ ਪ੍ਰਚਾਰ ਕਰਨ ਆਏ ਸ਼ਾਹ ਨੇ ਇਹ ਦੋਸ਼ ਵੀ ਲਾਇਆ ਕਿ ਕਾਂਗਰਸੀ ਸਰਕਾਰਾਂ ਸਿਰਫ 'ਕਮਿਸ਼ਨ ਤੇ ਭ੍ਰਿਸ਼ਟਾਚਾਰ' ਦੇ ਜ਼ਰੀਏ ਚੱਲਦੀਆਂ ਸਨ, ਜਦੋਂਕਿ ਦੂਜੇ ਪਾਸੇ 'ਡੀਲਰ, ਦਲਾਲ ਤੇ ਦਾਮਾਦ' ਰਾਜ ਕਰਦੇ ਸਨ।

## ਪਰਾਲੀ ਸਾੜਨ ਖਿਲਾਫ ਕਾਗਜ਼ੀ ਕਾਰਵਾਈ ਤੋਂ ਸੁਪਰੀਮ ਕੋਰਟ ਨਰਾਜ਼



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਰਾਸ਼ਟਰੀ ਰਾਜਧਾਨੀ ਖੇਤਰ ਦੀ ਖਰਾਬ ਹਵਾ ਗੁਣਵੱਤਾ ਨੂੰ ਲੈ ਕੇ ਪੰਜਾਬ ਤੇ ਹਰਿਆਣਾ 'ਚ ਪਰਾਲੀ ਸਾੜਨ ਨੂੰ ਰੋਕਣ ਲਈ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਸੀ ਏ ਕਿਊ ਐੱਮ) ਵੱਲੋਂ ਚੁੱਕੇ ਗਏ ਕਦਮਾਂ 'ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਉਸ ਦੇ ਹੁਕਮ ਸਿਰਫ ਕਾਗਜ਼ਾਂ 'ਚ ਹੀ ਹਨ। ਜਸਟਿਸ ਏ ਐੱਸ ਓਕਾ ਤੇ ਜਸਟਿਸ ਅਗਸਟੀਨ ਜਾਰਜ ਮਸੀਹ ਨੇ ਕਿਹਾ—ਪਰਾਲੀ ਸਾੜਨ ਦੇ ਮੁੱਦੇ ਨਾਲ ਸਿੱਝਣ ਲਈ ਇਕ ਕਮੇਟੀ ਤੱਕ ਨਹੀਂ ਬਣਾਈ ਗਈ। ਹਰ ਸਾਲ ਅਸੀਂ ਪਰਾਲੀ ਸੜਦੀ ਦੇਖ ਰਹੇ ਹਾਂ। ਇਸ ਤੋਂ ਪਤਾ ਲੱਗਦਾ ਹੈ ਕਿ ਸੀ ਏ ਕਿਊ ਐੱਮ ਐਕਟ ਦੀ ਪਾਲਣਾ ਨਹੀਂ ਹੋ ਰਹੀ। ਕੀ ਕੋਈ ਕਮੇਟੀ ਬਣਾਈ ਗਈ ਹੈ? ਸਾਨੂੰ ਚੁੱਕਿਆ ਗਿਆ ਇਕ ਕਦਮ ਵੀ ਦਿਖਾਓ। ਐਕਟ ਦੇ ਕਿਹੜੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਗਈ ਹੈ? ਤੁਸੀਂ ਬੱਸ ਤਮਾਸ਼ਾ ਦੇਖ ਰਹੇ ਹੋ? ਜਦੋਂ ਵੀਡੀਓ ਕਾਨਫਰੰਸਿੰਗ ਰਾਹੀਂ ਸੁਣਵਾਈ ਦੌਰਾਨ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਵਰਮਾ ਨੇ ਕਿਹਾ ਕਿ ਤਿੰਨ ਸਬ-ਕਮੇਟੀਆਂ ਬਣਾਈਆਂ ਗਈਆਂ ਹਨ ਤੇ ਇਹ ਹਰ ਤੀਜੇ ਮਹੀਨੇ ਮੀਟਿੰਗ ਕਰਦੀਆਂ ਹਨ ਤਾਂ ਫਾਜ਼ਲ ਜੱਜਾਂ ਨੇ ਕਿਹਾ ਕਿ ਜ਼ਿਆਦਾ ਸਰਗਰਮ ਹੋਣ ਦੀ ਲੋੜ ਹੈ। ਕਮਿਸ਼ਨ ਵੱਲੋਂ ਪੇਸ਼ ਹੋਈ ਐਡੀਸ਼ਨਲ ਸਾਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਪਰਾਲੀ ਸੰਕਟ ਨਾਲ ਨਿਬੜਨ ਲਈ ਸਲਾਹ ਤੇ ਦਿਸ਼ਾ-ਨਿਰਦੇਸ਼ਾਂ ਦੀ ਜਾਣਕਾਰੀ ਦਿੱਤੀ। ਉਸ ਨੇ ਕਿਹਾ ਕਿ ਇਸ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਚ ਵਰਨਣਯੋਗ ਕਮੀ ਹੋਈ ਹੈ। ਕੋਰਟ ਨੇ ਕਿਹਾ ਕਿ ਜੇ ਕਮਿਸ਼ਨ ਦੰਡਾਤਮਕ ਕਾਰਵਾਈ ਨਹੀਂ ਕਰਦਾ ਤਾਂ ਮਨਾਹੀ ਦੇ ਨਿਰਦੇਸ਼ ਕਾਗਜ਼ਾਂ ਵਿਚ ਹੀ ਰਹਿ ਜਾਣਗੇ।

## ਭਾਜਪਾ ਆਗੂ ਵੱਲੋਂ ਜਾਖੜ ਦੇ ਅਸਤੀਫੇ ਦਾ ਖੰਡਨ



**ਲੁਧਿਆਣਾ** : ਪੰਜਾਬ ਭਾਜਪਾ ਦੇ ਜਨਰਲ ਸਕੱਤਰ ਤੇ ਬੁਲਾਰੇ ਅਨਿਲ ਸਰੀਨ ਨੇ ਖੰਡਨ ਕੀਤਾ ਹੈ ਕਿ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਆਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾ ਕਿਹਾ ਕਿ ਅਸਤੀਫਾ ਦੇਣ ਦੀ ਖਬਰ ਕੋਰਾ ਝੂਠ ਤੇ ਵਿਰੋਧੀਆਂ ਵੱਲੋਂ ਫੈਲਾਈ ਜਾ ਰਹੀ ਅਫਵਾਹ ਹੈ। ਸਰੀਨ ਨੇ ਕਿਹਾ ਅਸਤੀਫੇ ਬਾਰੇ ਹਾਈਕਮਾਨ ਨੂੰ ਕੋਈ ਜਾਣਕਾਰੀ ਨਹੀਂ ਹੈ। ਜਾਖੜ ਦੀ ਨਾਰਾਜ਼ਗੀ ਵਾਲੀਆਂ ਖਬਰਾਂ ਦਾ ਵੀ ਭਾਜਪਾ ਨੇ ਖੰਡਨ ਕੀਤਾ ਹੈ ਤੇ ਕਿਹਾ ਹੈ ਕਿ ਉਹ ਪਹਿਲਾਂ ਵਾਂਗ ਭਾਜਪਾ ਦੇ ਸੂਬਾ ਪ੍ਰਧਾਨ ਵਜੋਂ ਕੰਮ ਕਰ ਰਹੇ ਹਨ। ਨਿੱਜੀ ਕਾਰਨਾਂ ਕਰਕੇ ਵੀਰਵਾਰ ਮੈਂਬਰਸ਼ਿਪ ਮੁਹਿੰਮ ਮੀਟਿੰਗ 'ਚ ਸ਼ਾਮਲ ਨਹੀਂ ਹੋ ਸਕੇ ਸਨ। ਜ਼ਿਕਰਯੋਗ ਹੈ ਕਿ ਸੁਨੀਲ ਜਾਖੜ ਪਿਛਲੇ ਕੁਝ ਦਿਨਾਂ ਤੋਂ ਪਾਰਟੀ ਦੇ ਪ੍ਰੋਗਰਾਮਾਂ ਵਿਚ ਨਜ਼ਰ ਨਹੀਂ ਆਏ। ਉਨ੍ਹਾ ਦੇ ਅਸਤੀਫੇ ਦੀ ਖਬਰ ਉੱਤਰੀ ਭਾਰਤ ਦੇ ਸਰਕਰਦਾ ਅਖਬਾਰ ਗਰੁੱਪ 'ਦੀ ਟ੍ਰਿਬਿਊਨ' ਵਿਚ ਛਪੀ ਹੈ। ਦਿਲਚਸਪ ਹੈ ਕਿ ਸੁਨੀਲ ਜਾਖੜ ਨੇ ਸ਼ਾਮ ਤੱਕ ਇਸ ਖਬਰ ਦਾ ਖੰਡਨ ਨਹੀਂ ਕੀਤਾ ਸੀ, ਜਦਕਿ ਮੀਡੀਆ ਨਾਲ ਉਨ੍ਹਾ ਦਾ ਕਾਫੀ ਪ੍ਰੇਮ ਹੈ ਤੇ ਅਖਬਾਰਾਂ ਵਿਚ ਆਏ ਦਿਨ ਉਨ੍ਹਾ ਦੇ ਬਿਆਨ ਤੇ ਤਸਵੀਰਾਂ ਛਪਦੀਆਂ ਰਹਿੰਦੀਆਂ ਹਨ।

## ਸਬਜ਼ੀਆਂ ਸੈਂਚੁਰੀ ਮਾਰਨ ਵੱਲ



**ਨਵੀਂ ਦਿੱਲੀ** : ਪ੍ਰਚੂਨ ਬਾਜ਼ਾਰ ਵਿਚ ਆਲੂ ਤੇ ਪਿਆਜ਼ 70 ਰੁਪਏ ਪ੍ਰਤੀ ਕਿੱਲੋ ਵਿਕਣ ਲੱਗ ਪਏ ਹਨ। ਸ਼ਿਮਲਾ ਮਿਰਚ, ਲੌਕੀ ਅਤੇ ਪਾਲਕ 100 ਰੁਪਏ ਪ੍ਰਤੀ ਕਿੱਲੋ ਵਿਕ ਰਹੇ ਹਨ। ਥੋਕ ਵਿਕਰੇਤਾਵਾਂ ਦਾ ਕਹਿਣਾ ਹੈ ਕਿ ਭਾਰੀ ਮੀਂਹ ਕਾਰਨ ਝਾੜ ਘਟਿਆ ਹੈ ਤੇ ਆਵਾਜਾਈ ਵੀ ਪ੍ਰਭਾਵਤ ਹੋਈ ਹੈ, ਜਿਸ ਕਾਰਨ ਇਨ੍ਹਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਦਿੱਲੀ 'ਚ ਟਮਾਟਰ 80 ਤੋਂ 100 ਰੁਪਏ ਪ੍ਰਤੀ ਕਿੱਲੋ ਵਿਕ ਰਿਹਾ ਹੈ।

## ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਅਹਿਮ ਫੈਸਲਿਆਂ ਦਾ ਨਵਾਂ ਪੇਜ ਸ਼ੁਰੂ

**ਨਵੀਂ ਦਿੱਲੀ** : ਆਮ ਲੋਕਾਂ ਵੱਲ ਕੇਂਦਰਤ ਇਕ ਹੋਰ ਪਹਿਲਕਦਮੀ ਦੌਰਾਨ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਆਪਣੀ ਅਧਿਕਾਰਤ ਵੈੱਬਸਾਈਟ ਉਤੇ ਇਕ ਨਵਾਂ ਪੇਜ ਸ਼ੁਰੂ ਕਰਨ ਦਾ ਐਲਾਨ ਕੀਤਾ, ਜਿਸ ਉਤੇ ਦੇਸ਼ ਦੀ ਸਿਖਰਲੀ ਅਦਾਲਤ ਵੱਲੋਂ ਸੁਣਾਏ ਗਏ ਅਹਿਮ ਇਤਿਹਾਸਕ ਫੈਸਲਿਆਂ ਦੇ ਸਾਰ-ਅੰਸ਼ ਉਪਲੱਬਧ ਕਰਵਾਏ ਗਏ ਹਨ। ਸੁਪਰੀਮ ਕੋਰਟ ਵੱਲੋਂ ਜਾਰੀ ਇਕ ਬਿਆਨ ਮੁਤਾਬਕ ਇਸ ਪਹਿਲਕਦਮੀ ਰਾਹੀਂ ਦੇਸ਼ ਵਾਸੀਆਂ ਲਈ ਸੁਪਰੀਮ ਕੋਰਟ ਦੇ ਅਹਿਮ ਫੈਸਲਿਆਂ ਨੂੰ ਸਮਝਣਾ ਆਸਾਨ ਹੋਵੇਗਾ। ਇਹ ਕਾਰਵਾਈ ਦੇਸ਼ ਦੇ ਨਾਗਰਿਕਾਂ ਨੂੰ ਸੂਚਿਤ ਕਰਨ, ਉਨ੍ਹਾਂ ਵਿਚ ਕਾਨੂੰਨ ਸੰਬੰਧੀ ਜਾਗਰੂਕਤਾ ਫੈਲਾਉਣ ਅਤੇ ਆਮ ਲੋਕਾਂ ਦਾ ਕਾਨੂੰਨ ਤੇ ਕਾਨੂੰਨੀ ਪ੍ਰਕਿਰਿਆ ਨਾਲ ਮੇਲਜੋਲ ਵਧਾਉਣ ਦੇ ਵਡੇਰੇ ਟੀਚੇ ਨੂੰ ਪੂਰਾ ਕਰਨ ਲਈ ਅਮਲ ਵਿਚ ਲਿਆਂਦੀ ਗਈ ਹੈ।

## ਧੜੇਬੰਦੀ ਤੋਂ ਰਹਿਤ ਉਮੀਦਵਾਰਾਂ ਨੂੰ ਹੀ ਜਿਤਾਇਆ ਜਾਵੇ : ਅਰਸ਼ੀ



**ਮਾਨਸਾ** : ਪੰਚਾਇਤ ਚੋਣਾਂ ਮੌਕੇ ਇਮਾਨਦਾਰ, ਸਾਫ ਅਕਸ, ਨਿਰਪੱਖ ਤੇ ਧੜੇਬੰਦੀ ਤੋਂ ਰਹਿਤ ਉਮੀਦਵਾਰਾਂ ਨੂੰ ਜਿਤਾਉਣਾ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਖੁਦਗਰਜ਼ ਤੇ ਲਾਲਚੀ ਲੋਕਾਂ ਨੇ ਰਾਜਨੀਤਕ ਪਾੜਾ ਪਾ ਕੇ ਭਾਈਚਾਰਕ ਸਾਂਝ ਨੂੰ ਤੋੜਿਆ ਹੋਇਆ ਹੈ। ਇਸ ਕਾਰਨ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਹੋਣਾ ਸੁਭਾਵਿਕ ਹੈ, ਜਿਸ ਨੂੰ ਖਤਮ ਕਰਨ ਲਈ ਢੁਕਵਾਂ ਸਮਾਂ ਆ ਗਿਆ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਪਾਰਟੀ ਦੀ ਜ਼ਿਲ੍ਹਾ ਕੌਂਸਲ ਮੀਟਿੰਗ ਮੌਕੇ ਸੰਬੋਧਨ ਕਰਦਿਆਂ ਕੀਤਾ। ਕਮਿਊਨਿਸਟ ਆਗੂ ਨੇ ਖਬਰਦਾਰ ਕੀਤਾ ਕਿ ਚੋਣਾਂ ਦੌਰਾਨ ਨਸ਼ੇ ਸਮੇਤ ਮਾੜੇ ਕਿਰਦਾਰ ਵਾਲੇ ਤੇ ਸਮਾਜ ਵਿਰੋਧੀ ਅਨਸਰਾਂ ਤੋਂ ਸੁਚੇਤ ਰਹਿਣਾ ਹੋਵੇਗਾ, ਕਿਉਂਕਿ ਅਜਿਹੇ ਲੋਕਾਂ ਨੇ ਆਪਣੇ ਫਾਇਦੇ ਲਈ ਪਿੰਡਾਂ ਵਿੱਚ ਧੜੇਬੰਦੀ ਪੈਦਾ ਕਰਕੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੀ ਬਜਾਏ ਕਮਜ਼ੋਰ ਹੀ ਕਰਨਾ ਹੈ। ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਪਿਛਲੇ ਕੰਮਾਂ ਦੀ ਰੀਵਿਊ ਰਿਪੋਰਟ ਪੇਸ਼ ਕੀਤੀ ਅਤੇ ਪਾਰਟੀ ਦੀ ਪੰਚਾਇਤ ਚੋਣਾਂ ਵਿੱਚ ਹਿੱਸੇਦਾਰੀ ਵਧਾਉਣ 'ਤੇ ਜ਼ੋਰ ਦਿੱਤਾ। ਬਾਕੀ ਥਾਵਾਂ 'ਤੇ ਸਾਫ-ਸੁਥਰੇ ਤੇ ਨਿਰਪੱਖ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਮਨਜੀਤ ਕੌਰ ਗਾਮੀਵਾਲਾ ਨੇ ਕੀਤੀ।

ਮੀਟਿੰਗ ਨੂੰ ਐਡਵੋਕੇਟ ਕੁਲਵਿੰਦਰ ਉੱਡਤ, ਸੀਤਾ ਰਾਮ ਗੋਬਿੰਦਪੁਰਾ, ਵੇਦ ਪ੍ਰਕਾਸ਼ ਬੁਢਲਾਡਾ, ਰੂਪ ਸਿੰਘ ਢਿੱਲੋਂ, ਰਤਨ ਭੋਲਾ, ਹਰਮੀਤ ਸਿੰਘ ਬੋੜਾਵਾਲ, ਭੁਪਿੰਦਰ ਗੁਰਨੇ, ਕਾਮਰੇਡ ਰਾਏ ਕੇ, ਗੁਰਦਾਸ ਸਿੰਘ ਟਾਹਲੀਆਂ, ਮਲਕੀਤ ਬਖਸ਼ੀਵਾਲਾ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਹਰਪਾਲ ਸਿੰਘ ਬੱਪੀਆਣਾ, ਸੁਖਦੇਵ ਸਿੰਘ ਪੰਧੇਰ, ਹਰਨੇਕ ਸਿੰਘ ਢਿੱਲੋਂ, ਗੁਰਤੇਜ ਸਿੰਘ ਖਿਆਲੀ ਚਹਿਲਾਂ ਵਾਲੀ, ਗੁਰਪਿਆਰ ਸਿੰਘ ਫੱਤਾ, ਸ਼ੰਕਰ ਸਿੰਘ ਜਟਾਣਾ, ਬਲਵਿੰਦਰ ਸਿੰਘ ਕੋਟ ਧਰਮੂ, ਮੰਗਤ ਭੀਖੀ, ਰਾਜ ਕੁਮਾਰ ਸ਼ਰਮਾ, ਹਰਪ੍ਰੀਤ ਸਿੰਘ ਮਾਨਸਾ, ਗੁਲਜ਼ਾਰ ਖਾਂ, ਬੂਟਾ ਸਿੰਘ ਬਾਜੇਵਾਲਾ, ਬੂਟਾ ਸਿੰਘ ਬਰਨਾਲਾ, ਮਿੱਠੂ ਸਿੰਘ ਭੈਣੀ ਬਾਘਾ ਤੇ ਸੁਖਦੇਵ ਮਾਨਸਾ ਨੇ ਵੀ ਸੰਬੋਧਨ ਕੀਤਾ।

## ਗੋਇਲ ਵੱਲੋਂ ਖਣਨ ਖੇਤਰ 'ਚ ਅਤਿ-ਆਧੁਨਿਕ ਤਕਨਾਲੋਜੀ ਲਿਆਉਣ ਦੀ ਵਕਾਲਤ




**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਆਪਣਾ ਅਹੁਦਾ ਸਾਂਭਣ ਪਿੱਛੋਂ ਪਹਿਲੇ ਦਿਨ ਹੀ ਖਣਨ ਅਤੇ ਭੂ-ਵਿਗਿਆਨ ਵਿਭਾਗ ਨੂੰ ਪਹਿਲ ਦਿੰਦਿਆਂ ਵਿਭਾਗ ਦੇ ਕੰਮਕਾਜ ਵਿੱਚ ਪੂਰਨ ਪਾਰਦਰਸ਼ਤਾ ਲਿਆਉਣ ਵੱਲ ਆਪਣਾ ਧਿਆਨ ਕੇਂਦਰਤ ਕੀਤਾ। ਉਨ੍ਹਾ ਇਹ ਵਚਨਬੱਧਤਾ ਸੂਬੇ ਵਿੱਚ ਖਣਨ ਗਤੀਵਿਧੀਆਂ ਨਾਲ ਸੰਬੰਧਤ ਏਕੀਕ੍ਰਿਤ ਆਈ ਟੀ ਉਪਾਵਾਂ ਅਤੇ ਨਵੀਨਤਮ ਤਕਨੀਕੀ ਪ੍ਰਣਾਲੀਆਂ ਸਬੰਧੀ 'ਦਿਲਚਸਪੀ ਦਾ ਪ੍ਰਗਟਾਵਾ' ਵਰਕਸ਼ਾਪ ਦੌਰਾਨ ਪ੍ਰਗਟਾਈ।ਉਹਨਾ ਕਿਹਾ ਕਿ ਗ਼ੈਰ-ਕਾਨੂੰਨੀ ਖਣਨ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਅਤੇ ਸੂਬੇ ਦੇ ਮਾਲੀਏ ਵਿੱਚ ਵਾਧਾ ਕਰਨ ਲਈ ਵਿਭਾਗ ਮੌਜੂਦਾ ਪ੍ਰਣਾਲੀ ਵਿੱਚ ਤਕਨੀਕੀ ਸੋਧਾਂ ਕਰਨ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਹੈ। ਉਨ੍ਹਾ ਕਿਹਾ ਕਿ ਆਧੁਨਿਕੀਕਰਨ ਦੇ ਪਹਿਲੇ ਪੜਾਅ ਤਹਿਤ ਜਨਤਕ-ਨਿੱਜੀ ਭਾਗੀਦਾਰੀ (ਪੀ ਪੀ ਪੀ) ਆਧਾਰ 'ਤੇ ਭਾਰ-ਤੋਲਕ ਕੰਡੇ ਸਥਾਪਤ ਕੀਤੇ ਜਾ ਰਹੇ ਹਨ।ਜ਼ਿਕਰਯੋਗ ਹੈ ਕਿ ਇਸ ਪਹਿਲਕਦਮੀ ਸੰਬੰਧੀ 12 ਬਹੁ-ਰਾਸ਼ਟਰੀ ਕੰਪਨੀਆਂ ਨੇ ਖਣਨ ਅਤੇ ਭੂ-ਵਿਗਿਆਨ ਵਿਭਾਗ ਨਾਲ ਭਾਈਵਾਲੀ ਕਰਨ 'ਚ ਦਿਲਚਸਪੀ ਦਿਖਾਈ ਹੈ। ਚੰਡੀਗੜ੍ਹ ਵਿਖੇ ਕਰਵਾਈ 'ਦਿਲਚਸਪੀ ਦਾ ਪ੍ਰਗਟਾਵਾ' ਵਰਕਸ਼ਾਪ ਦੌਰਾਨ ਖਣਨ ਅਤੇ ਭੂ-ਵਿਗਿਆਨ ਵਿਭਾਗ ਨੇ ਉੱਚ ਤਕਨੀਕੀ ਲਾਈਵ ਕਵਰੇਜ ਸਮਰਥਾਵਾਂ ਨਾਲ ਲੈਸ ਛੇ ਫਲਾਇੰਗ ਟੀਮਾਂ ਦੇ ਗਠਨ ਦਾ ਵੀ ਐਲਾਨ ਕੀਤਾ, ਜਿਸ ਦੀ ਨਿਗਰਾਨੀ ਸਰਕਾਰ ਦੇ ਮੁੱਖ ਦਫ਼ਤਰ ਵੱਲੋਂ ਕੀਤੀ ਜਾਵੇਗੀ।ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਪ੍ਰੋਸੈੱਸਡ ਸਮਗਰੀ ਨੂੰ ਨਿਯਮਤ ਕਰਨ ਲਈ ਵਿਆਪਕ ਕਦਮ ਚੁੱਕਦਿਆਂ ਵਿਭਾਗ ਨੇ ਪੀ ਪੀ ਪੀ ਅਧਾਰ 'ਤੇ ਲਗਭਗ 101 ਰਣਨੀਤਕ ਥਾਵਾਂ 'ਤੇ ਕੰਡੇ, ਬੂਮ ਬੈਰੀਅਰ, ਐਡਵਾਂਸਡ ਕੈਮਰਾ ਸਿਸਟਮ (ਏ ਐੱਨ ਪੀ ਆਰ/ ਪੀ ਟੀ ਜ਼ੈੱਡ/ ਆਈ ਪੀ/ ਵੈਰੀਫੋਕੋਲ), ਪ੍ਰੀਪੇਡ ਸਹੂਲਤਾਂ ਵਾਲੇ ਆਰ ਐੱਫ ਆਈ ਡੀ ਰੀਡਰ ਅਤੇ ਆਰ ਐੱਫ ਆਈ ਡੀ ਟੈਗ ਲਗਾਉਣ ਦਾ ਪ੍ਰਸਤਾਵ ਪੇਸ਼ ਕੀਤਾ ਹੈ।

## ਅੰਗਰੇਜ਼ੀ ਦੇ ਨਾਮੀ ਕਵੀ ਕੇਕੀ ਦਾਰੂਵਾਲਾ ਦਾ ਦੇਹਾਂਤ



**ਨਵੀਂ ਦਿੱਲੀ** : ਅੰਗਰੇਜ਼ੀ ਦੇ ਨਾਮੀ ਕਵੀ ਅਤੇ ਸਾਬਕਾ ਆਈ ਪੀ ਐੱਸ ਅਫਸਰ ਕੇਕੀ ਐੱਨ ਦਾਰੂਵਾਲਾ ਦਾ ਲੰਮੀ ਬਿਮਾਰੀ ਅਤੇ ਨਿਮੋਨੀਆ ਦੀ ਸਮੱਸਿਆ ਕਾਰਨ ਵੀਰਵਾਰ ਰਾਤ ਦਿੱਲੀ ਦੇ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 87 ਵਰ੍ਹਿਆਂ ਦੇ ਸਨ।

ਦਾਰੂਵਾਲਾ ਭਾਰਤ ਦੇ ਬਹੁਤ ਹੀ ਨਾਮੀ ਅੰਗਰੇਜ਼ੀ ਕਵੀਆਂ ਤੇ ਲੇਖਕਾਂ ਵਿਚ ਸ਼ੁਮਾਰ ਸਨ। ਉਨ੍ਹਾ ਦੀ ਧੀ ਅਨਾਹਿਤਾ ਕਪਾਡੀਆ ਨੇ ਦੱਸਿਆ—ਇਕ ਸਾਲ ਪਹਿਲਾਂ ਉਨ੍ਹਾ ਨੂੰ ਸਟਰੋਕ ਆਇਆ ਸੀ ਅਤੇ ਉਦੋਂ ਤੋਂ ਹੀ ਉਹ ਠੀਕ ਨਹੀਂ ਸਨ। ਉਨ੍ਹਾ ਨੂੰ ਸਟਰੋਕ ਨਾਲ ਸੰਬੰਧਤ ਕਈ ਸਮੱਸਿਆਵਾਂ ਸਨ, ਪਰ ਉਨ੍ਹਾ ਦੀ ਮੌਤ ਸਟਰੋਕ ਕਾਰਨ ਨਹੀਂ, ਸਗੋਂ ਮੂਲ ਰੂਪ ਵਿਚ ਨਿਮੋਨੀਆ ਕਾਰਨ ਹੋਈ ਹੈ।

ਉਹ ਆਪਣੇ ਪਿੱਛੇ ਦੋ ਧੀਆਂ ਅਨਾਹਿਤਾ ਤੇ ਰੂਕਵੀਨ, ਦੋਵਾਂ ਦੇ ਪਤੀ ਤੇ ਦੋਹਤੇ-ਦੋਹਤਰੀਆਂ ਛੱਡ ਗਏ ਹਨ। ਉਨ੍ਹਾ ਨੂੰ ਆਪਣੀਆਂ ਨਿੱਕੀਆਂ ਕਹਾਣੀਆਂ ਲਈ ਵੀ ਜਾਣਿਆ ਜਾਂਦਾ ਹੈ। 1937 'ਚ ਪਾਰਸੀ ਪਰਵਾਰ 'ਚ ਲਾਹੌਰ ਵਿਚ ਜਨਮੇ ਦਾਰੂਵਾਲਾ ਨੇ ਪੜ੍ਹਾਈ ਲੁਧਿਆਣਾ ਦੇ ਸਰਕਾਰੀ ਕਾਲਜ ਵਿੱਚੋਂ ਕੀਤੀ ਸੀ। ਉਨ੍ਹਾ ਦਾ ਪਰਵਾਰ ਰੌਲਿਆਂ ਤੋਂ ਪਹਿਲਾਂ ਜੂਨਾਗੜ੍ਹ ਆ ਗਿਆ ਸੀ ਤੇ ਫਿਰ ਉੱਥੋਂ ਯੂ ਪੀ ਦੇ ਰਾਮਪੁਰ ਚਲੇ ਗਿਆ ਸੀ। ਉਹ 1958 'ਚ ਭਾਰਤੀ ਪੁਲਸ ਸਰਵਿਸਿਜ਼ (ਉੱਤਰ ਪ੍ਰਦੇਸ਼ ਕੇਡਰ) ਵਿਚ ਭਰਤੀ ਹੋਏ ਸਨ। ਉਹ ਮੌਕੇ ਦੇ ਪ੍ਰਧਾਨ ਮੰਤਰੀ ਚਰਨ ਸਿੰਘ ਦੇ ਕੌਮਾਂਤਰੀ ਮਾਮਲਿਆਂ ਬਾਰੇ ਵਿਸ਼ੇਸ਼ ਸਹਾਇਕ ਵੀ ਰਹੇ ਅਤੇ ਆਈ ਪੀ ਐੱਸ ਅਧਿਕਾਰੀ ਵਜੋਂ ਅਹਿਮ ਅਹੁਦਿਆਂ ਉਤੇ ਸੇਵਾ ਨਿਭਾਈ, ਜਿਨ੍ਹਾ ਵਿਚ ਸਕੱਤਰ ਰਾਅ ਵੀ ਸ਼ਾਮਲ ਹੈ। ਉਹ 2011 ਤੋਂ 2014 ਤੱਕ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਵੀ ਰਹੇ। ਉਨ੍ਹਾ ਨੂੰ 2014 ਵਿਚ ਪਦਮਸ੍ਰੀ ਨਾਲ ਨਿਵਾਜਿਆ ਗਿਆ। ਉਨ੍ਹਾ ਦਾ ਅਖਬਾਰ 'ਦੀ ਟ੍ਰਿਬਿਊਨ' ਵਿਚ ਛਪਦਾ ਕਾਲਮ 'ਮਸਿੰਗਜ਼ ਐਂਡ ਮੈਲੇਡਿਕਸ਼ਨਜ਼' ਕਾਫੀ ਪਾਪੂਲਰ ਰਿਹਾ।

ਉਨ੍ਹਾ ਐਮਰਜੈਂਸੀ ਦੌਰਾਨ 'ਵਿੰਟਰ ਪੋਇਮਜ਼' ਨਾਂਅ ਦਾ ਕਾਵਿ-ਸੰਗ੍ਰਹਿ ਕੱਢਿਆ, ਜਿਸ ਵਿਚ ਉਨ੍ਹਾ ਰਾਜਕੀ ਸੱਤਾ ਦੀ ਦੁਰਵਰਤੋਂ ਬਾਰੇ ਆਪਣੇ ਅੰਦਰੂਨੀ ਗੁੱਸੇ ਦਾ ਇਜ਼ਹਾਰ ਕੀਤਾ। 1984 ਵਿਚ ਉਨ੍ਹਾ ਨੂੰ ਕਾਵਿ-ਸੰਗ੍ਰਹਿ 'ਦੀ ਕੀਪਰ ਆਫ ਦੀ ਡੈੱਡ' ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਤਿੰਨ ਦਹਾਕਿਆਂ ਬਾਅਦ ਅਸਹਿਣਸ਼ੀਲਤਾ ਵਿਚ ਵਾਧੇ ਵਿਰੁੱਧ ਪ੍ਰੋਟੈੱਸਟ ਵਜੋਂ ਉਨ੍ਹਾ ਸਾਹਿਤ ਅਕਾਦਮੀ ਪੁਰਸਕਾਰ ਮੋੜਨ ਬਾਰੇ ਦੂਜੀ ਵਾਰ ਨਹੀਂ ਸੋਚਿਆ। ਅਕਾਦਮੀ ਪ੍ਰਧਾਨ ਨੂੰ ਲਿਖੇ ਪੱਤਰ ਵਿਚ ਉਨ੍ਹਾ ਕਿਹਾ—ਦੁੱਖ ਦੀ ਗੱਲ ਹੈ ਕਿ ਹਾਲੀਆ ਮਹੀਨਿਆਂ ਵਿਚ ਅਕਾਦਮੀ ਨੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਖਤਰੇ ਵਿਰੁੱਧ ਬਣਦਾ ਦਲੇਰਾਨਾ ਸਟੈਂਡ ਨਹੀਂ ਲਿਆ। ਇਹ ਸਿਆਸੀ ਦਬਾਅ ਦਾ ਸਾਹਮਣਾ ਕਰਨ ਵਾਲੇ ਲੇਖਕਾਂ ਦੇ ਹੱਕ ਵਿਚ ਨਹੀਂ ਖੜ੍ਹੀ ਹੋਈ।

## ਅੱਜ-ਨਾਮਾ

ਸੰਘ ਪਰਵਾਰ ਫਿਰ ਮੋਦੀ ਦੇ ਪਿਆ ਪਿੱਛੇ,
ਉਸ ਦੀ ਨੀਂਦ ਪਈ ਬੁਰੀ ਉਡਾਈ ਭਾਈ।
ਅਮਿਤ ਸ਼ਾਹ ਗਿਆ ਭੇਜਿਆ ਨਾਗਪੁਰ ਤਾਂ,
ਉਸ ਦੀ ਦੌੜ ਵੀ ਕੰਮ ਨਹੀਂ ਆਈ ਭਾਈ।
ਰਾਸ਼ਟਰੀ ਪ੍ਰਧਾਨ ਦੀ ਚੋਣ ਹੈ ਪਾਰਟੀ ਦੀ,
ਉਹਦੀ ਹੁੰਦੀ ਪਈ ਸਿੰਗ-ਫਸਾਈ ਭਾਈ।
ਅੜਨਾ ਸੌਖਾ ਨਹੀਂ ਸੰਘ ਪਰਵਾਰ ਮੂਹਰੇ,
ਕੁਰਸੀ ਵੀ ਜਾਊ ਨਾ ਫੇਰ ਬਚਾਈ ਭਾਈ।
ਫਸੀ ਸੱਪ ਦੇ ਮੂੰਹ ਵਿੱਚ ਕੋਹੜ-ਕਿਰਲੀ,
ਜਾਵੇ ਬਾਹਰ ਨਾ ਖਾਧੀ ਇਹ ਜਾਏ ਭਾਈ।
ਹਮਲਾ ਭਰਵਾਂ ਹੈ ਸੰਘ ਪਰਵਾਰ ਕਰਿਆ,
ਝੂਲ ਰਹੀ ਬੇੜੀ ਪਰ ਕੌਣ ਬਚਾਏ ਭਾਈ।

-ਤੀਸ ਮਾਰ ਖਾਂ

## ਭਗਤ ਸਿੰਘ ਦੇ ਵਿਚਾਰਾਂ ਦਾ ਭਾਰਤ ਹੀ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇ ਸਕਦੈ : ਮਾੜੀਮੇਘਾ, ਦੇਵੀ ਕੁਮਾਰੀ

**ਔਰਤਾਂ ਭਗਤ ਸਿੰਘ ਦੀ ਸੋਚ ਦਾ ਸਮਾਜ ਸਿਰਜਣ ਲਈ ਲਾਮਬੰਦ ਹੋਣ : ਰੁਪਿੰਦਰ ਕੌਰ**



**ਭਿੱਖੀਵਿੰਡ** : ਸ਼ਹੀਦ ਏ ਆਜ਼ਮ ਭਗਤ ਦੇ ਵਿਚਾਰ ਜਦੋਂ ਹਿੰਦੁਸਤਾਨ ਵਿੱਚ ਲਾਗੂ ਹੋ ਗਏ, ਉਦੋਂ ਹਰੇਕ ਵਿਅਕਤੀ ਕੋਲ ਰੁਜ਼ਗਾਰ ਭਾਵ ਸਰਕਾਰੀ ਨੌਕਰੀ ਹੋਵੇਗੀ। ਹਰੇਕ ਵਿਅਕਤੀ ਕੋਲ ਘਰ ਹੋਵੇਗਾ, ਹਰੇਕ ਬੱਚੇ ਨੂੰ ਜ਼ਰੂਰੀ ਤੇ ਲਾਜ਼ਮੀ ਵਿਦਿਆ ਮਿਲੇਗੀ ਅਤੇ ਹਰੇਕ ਮਨੁੱਖ ਨੂੰ ਮੁਫਤ ਸਿਹਤ ਸਹੂਲਤ ਹੋਵੇਗੀ।' ਇਹ ਵਿਚਾਰ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਨੇ ਭਿੱਖੀਵਿੰਡ ਵਿਖੇ ਭਗਤ ਸਿੰਘ ਦੇ ਜਨਮ ਦਿਹਾੜਾ ਸਮਾਗਮ ਵਿੱਚ ਰੱਖੇ। ਪ੍ਰੋਗਰਾਮ ਦੀ ਪ੍ਰਧਾਨਗੀ ਪਰਮਜੀਤ ਕੌਰ ਮਾੜੀਮੇਘਾ, ਟਹਿਲ ਸਿੰਘ ਲੱਧੂ ਤੇ ਨਿਸ਼ਾਨ ਸਿੰਘ ਵਾਂ ਨੇ ਕੀਤੀ। ਆਗੂਆਂ ਨੇ ਕਿਹਾ ਕਿ ਭਗਤ ਸਿੰਘ ਇਕੱਲਾ ਕੁਰਬਾਨੀ ਦਾ ਹੀ ਚਿੰਨ੍ਹ ਨਹੀਂ, ਉਸ ਨੇ ਸਮਾਜ ਨੂੰ ਖੁਸ਼ਹਾਲ ਬਣਾਉਣ ਵਾਸਤੇ ਆਪਣੇ ਵੱਡਮੁਲੇ ਵਿਚਾਰ ਆਵਾਮ ਨੂੰ ਦਿੱਤੇ ਹਨ। ਅਜੋਕੇ ਸਮੇਂ ਦੌਰਾਨ ਮੌਜੂਦਾ ਹਾਕਮ ਧਿਰਾਂ ਭਗਤ ਸਿੰਘ ਦੀ ਕੁਰਬਾਨੀ ਦੀ ਬਾਤ ਤਾਂ ਪਾਉਂਦੀਆਂ ਹਨ, ਪਰ ਉਸ ਮਹਾਨ ਇਨਕਲਾਬੀ ਦੇ ਵਿਚਾਰਾਂ ਦਾ ਦੇਸ਼ ਬਣਾਉਣ ਦੀ ਕਸਮ ਨਹੀਂ ਖਾਂਦੀਆਂ। ਜਵਾਨੀ ਨੂੰ ਭਗਤ ਸਿੰਘ ਵਰਗਾ ਬਣਨ ਦੀ ਪ੍ਰੇਰਨਾ ਤਾਂ ਦਿੰਦੀਆਂ ਹਨ, ਪਰ ਉਸ ਦੇ ਵਿਚਾਰ ਜਾਨਣ ਲਈ ਨੂੰ ਸੁਨੇਹਾ ਨਹੀਂ ਦਿੰਦੀਆਂ। ਭਗਤ ਸਿੰਘ ਦੇ ਵਿਚਾਰਾਂ ਦਾ ਭਾਰਤ ਨਾ ਬਣਨ ਕਰਕੇ ਹੀ ਅੱਜ ਸਾਡਾ ਦੇਸ਼ ਦੁਨੀਆ ਵਿੱਚ ਗਰੀਬ ਦੇਸ਼ਾਂ ਦੀ ਕਤਾਰ ਵਿੱਚ ਗਿਣਿਆ ਜਾਂਦਾ ਹੈ, ਜਦੋਂ ਕਿ ਇਹੋ ਦੇਸ਼ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਦੁਨੀਆ ਵਿੱਚ ਸੋਨੇ ਦੀ ਚਿੜੀ ਕਰਕੇ ਜਾਣਿਆ ਜਾਂਦਾ ਸੀ। ਵਾਕਿਆ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਹਿੰਦ ਦਾ ਵਪਾਰ ਦੁਨੀਆ ਵਿੱਚ ਪ੍ਰਸਿੱਧ ਸੀ ਤੇ ਵਪਾਰ ਰਾਹੀਂ ਸਾਰੀ ਦੁਨੀਆ ਦਾ ਸੋਨਾ ਭਾਰਤ ਕੋਲ ਪਹੁੰਚ ਚੁੱਕਾ ਸੀ। ਸਾਰੀ ਦੁਨੀਆ ਨਾਲੋਂ ਵੱਧ ਸਾਡੇ ਕੋਲ ਸਮੁੰਦਰੀ ਜਹਾਜ਼ ਸਨ, ਜਿਨ੍ਹਾਂ ਰਾਹੀਂ ਵਪਾਰ ਹੁੰਦਾ ਸੀ। ਵਪਾਰ ਵੀ ਮੁੱਖ ਤੌਰ 'ਤੇ ਸਾਡੀ ਫਸਲ ਦਾ ਹੁੰਦਾ ਸੀ, ਕਿਉਂਕਿ ਸਾਡੇ ਦੇਸ਼ ਵਰਗੀ ਧਰਤੀ ਹੋਰ ਕਿਸੇ ਦੇਸ਼ ਵਿੱਚ ਨਹੀ। ਇਥੇ ਫਸਲਾਂ ਪੈਦਾ ਕਰਨ ਲਈ ਮੌਸਮ ਖੁਸ਼ਗਵਾਰ ਹੈ, ਜਿਹੜਾ ਕਿ ਹੋਰ ਕਿਸੇ ਦੇਸ਼ ਵਿੱਚ ਨਹੀਂ। ਇਸ ਲਈ ਸਾਡੇ ਅਵਾਮ ਨੂੰ ਆਪਣੀ ਸੋਨੇ ਵਰਗੀ ਧਰਤੀ ਮਾਂ ਬਚਾਉਣ ਵਾਸਤੇ ਸੁਚੇਤ ਰਹਿਣਾ ਹੋਵੇਗਾ।

ਆਗੂਆਂ ਕਿਹਾ ਕਿ ਸੀ ਪੀ ਆਈ ਪੰਜਾਬ ਦੇ ਫੈਸਲੇ ਅਨੁਸਾਰ ਪੰਜਾਬ ਭਰ ਵਿੱਚ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦੀਆਂ ਮੀਟਿੰਗਾਂ ਹੋ ਚੁੱਕੀਆਂ ਹਨ। ਇਸ ਵੇਲੇ ਬਲਾਕ ਤੇ ਜ਼ਿਲ੍ਹਿਆਂ ਦੀਆਂ ਜਨਰਲ ਬਾਡੀ ਮੀਟਿੰਗਾਂ ਚੱਲ ਰਹੀਆਂ ਹਨ। ਇਸ ਤੋਂ ਬਾਅਦ ਪੰਜਾਬ ਵਿੱਚ ਇਲਾਕੇ ਪੱਧਰ ਦੀਆਂ ਪੰਜ ਰੈਲੀਆਂ ਹੋਣਗੀਆਂ। ਮਾਝੇ ਦੀ ਰੈਲੀ ਦਸੰਬਰ ਦੇ ਪਹਿਲੇ ਹਫਤੇ ਅੰਮ੍ਰਿਤਸਰ ਵਿਖੇ ਹੋਵੇਗੀ। ਇਸ ਮੌਕੇ ਇੱਕ ਵਿਸ਼ੇਸ਼ ਮਤਾ ਪਾਸ ਕੀਤਾ ਗਿਆ ਕਿ ਪੰਜਾਬ 'ਚੋਂ ਬਰੈਂਪਟਨ (ਕੈਨੇਡਾ) ਗਏ ਨੌਜਵਾਨ ਕਿਰਤ ਲਈ ਸੰਘਰਸ਼ ਕਰ ਰਹੇ ਹਨ। ਕੈਨੇਡਾ ਦੀ ਹਕੂਮਤ ਨੇ ਬੈਂਡ ਦੇ ਨੰਬਰ ਵਧਾ ਦਿੱਤੇ ਹਨ, ਜਿਸ ਕਰਕੇ ਉਨ੍ਹਾਂ ਨੂੰ ਓਧਰ ਵਰਕ ਪਰਮਿਟ ਨਹੀਂ ਮਿਲ ਰਿਹਾ। ਇਸ ਲਈ ਪੰਜਾਬ ਸਰਕਾਰ ਕੈਨੇਡਾ ਹਕੂਮਤ ਨਾਲ ਗੱਲ ਕਰਕੇ ਵਰਕ ਪਰਮਿਟ ਉਨ੍ਹਾਂ ਬੱਚਿਆਂ ਨੂੰ ਦਿਵਾਏ।

ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਨੇ ਕਿਹਾ ਕਿ ਭਗਤ ਸਿੰਘ ਦੇ ਵਿਚਾਰਾਂ ਦਾ ਸਮਾਜ ਬਣਾਉਣ ਲਈ ਸਾਡੇ ਘਰਾਂ ਦੀ ਚਾਰਦੀਵਾਰੀ ਵਿੱਚ ਕੈਦ ਕੀਤੀਆਂ ਔਰਤਾਂ ਨੂੰ ਵੀ ਬਾਹਰ ਮੈਦਾਨ ਵਿੱਚ ਲਿਆਉਣਾ ਪਵੇਗਾ, ਕਿਉਂਕਿ ਦੇਸ਼ ਦੀ ਵਸੋਂ ਦਾ ਅੱਧ ਔਰਤਾਂ ਹਨ। ਜੇ ਅੱਧੀ ਵਸੋਂ ਸੰਘਰਸ਼ਾਂ ਵਿੱਚ ਆਵੇ ਹੀ ਨਾ ਤਾਂ ਭਗਤ ਸਿੰਘ ਦੀ ਸੋਚ ਦਾ ਇਨਕਲਾਬ ਕਿਸ ਤਰ੍ਹਾਂ ਆਵੇਗਾ। ਇਸ ਲਈ ਪਿੰਡ-ਪਿੰਡ ਔਰਤਾਂ ਦੀਆਂ ਮੀਟਿੰਗਾਂ ਕਰਾਉਣ ਅਸੀਂ ਪਹੁੰਚਾਂਗੀਆਂ। ਆਗੂਆਂ ਕਿਹਾ ਕਿ ਪਾਰਲੀਮੈਂਟ ਵਿੱਚ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਨ ਨਾਲ ਹੀ 18 ਸਾਲ ਦੀ ਉਮਰ ਤੋਂ ਹਰੇਕ ਕੁੜੀ-ਮੁੰਡੇ ਨੂੰ ਰੁਜ਼ਗਾਰ ਮਿਲੇਗਾ। ਰੁਜ਼ਗਾਰ ਮਿਲਣ ਨਾਲ ਘਰਾਂ ਵਿੱਚ ਖੁਸ਼ਹਾਲੀ ਪਰਤੇਗੀ। ਜਦੋਂ ਕੁੜੀਆਂ ਨੂੰ ਰੁਜ਼ਗਾਰ ਮਿਲੇਗਾ ਤਾਂ ਉਨ੍ਹਾਂ ਦੀ ਫਖਰ ਨਾਲ ਧੌਣ ਉੱਚੀ ਹੋਵੇਗੀ। ਉਹ ਦਿਮਾਗੀ ਤੇ ਜਿਸਮਾਨੀ ਤੌਰ 'ਤੇ ਤਕੜੀਆਂ ਹੋਣਗੀਆਂ। ਫਿਰ ਉਹ ਬਲਾਤਕਾਰ ਵਰਗੇ ਵਰਤਾਰਿਆਂ ਦਾ ਆਪ ਡਟ ਕੇ ਮੁਕਾਬਲਾ ਕਰਨਗੀਆਂ, ਭਾਵ ਬਲਾਤਕਾਰੀ ਵਰਤਾਰਾ ਖਤਮ ਹੋ ਜਾਵੇਗਾ। ਇਹ ਵਰਤਾਰਾ ਗਰੀਬੀ 'ਚੋਂ ਪਨਪਿਆ ਹੈ ਤੇ ਖੁਸ਼ਹਾਲੀ ਨਾਲ ਹੀ ਖਤਮ ਹੋਵੇਗਾ। ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਨੇ ਕਿਹਾ ਕਿ ਭਾਜਪਾ ਦੀ ਹਕੂਮਤ ਕਿਸਾਨਾਂ ਕੋਲੋਂ ਜ਼ਮੀਨ ਖੋ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣ ਦੇ ਰਾਹ ਤੁਰੀ ਹੈ। ਇਸ ਲਈ ਕਿਸਾਨਾਂ ਦਾ ਜਥੇਬੰਦ ਹੋਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਸੀ ਪੀ ਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਸੁਖਦੇਵ ਸਿੰਘ ਕਾਲਾ, ਸੁਖਦੇਵ ਸਿੰਘ ਕੋਟ ਧਰਮ ਚੰਦ, ਰਛਪਾਲ ਸਿੰਘ ਘੁਰਕਵਿੰਡ, ਵੀਰੋ ਸਾਂਡਪੁਰਾ ਤੇ ਹਰਚੰਦ ਸਿੰਘ ਭਗਵਾਨਪੁਰਾ ਨੇ ਵੀ ਸੰਬੋਧਨ ਕੀਤਾ।

28-SEP-PAGE-5.qxd 9/27/2024 8:41 PM Page 1



Punjab Land of Unlimited Opportunities

ਸ਼ਹੀਦ-ਏ-ਆਜ਼ਮ

# ਸਰਦਾਰ ਭਗਤ ਸਿੰਘ

## ਦੇ ਅਧੂਰੇ ਸੁਪਨੇ ਸਾਕਾਰ ਕਰਦੇ ਹੋਏ

**117ਵੇਂ ਜਨਮ ਦਿਵਸ ਮੌਕੇ ਕੋਟਿ-ਕੋਟਿ ਪ੍ਰਣਾਮ**



## ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਕ੍ਰਾਂਤੀਕਾਰੀ ਕਦਮ

- 90% ਘਰਾਂ ਦਾ ਬਿਜਲੀ ਬਿੱਲ 0
- 872 ਆਮ ਆਦਮੀ ਕਲੀਨਿਕ, 2 ਕਰੋੜ ਲਾਭਪਾਤਰੀ
- 118 ਨਵੇਂ ਸਕੂਲ ਆਫ਼ ਐਮੀਨੈਂਸ
- ਕਿਸਾਨਾਂ ਨੂੰ ਪ੍ਰਤੀ ਏਕੜ ₹1,500 ਦੀ ਆਰਥਿਕ ਸਹਾਇਤਾ
- ₹74,447 ਕਰੋੜ ਦਾ ਨਿਵੇਸ਼, 2.77 ਲੱਖ ਤੋਂ ਜ਼ਿਆਦਾ ਰੁਜ਼ਗਾਰ



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

